# ਐਡਮੰਟਨ ਬਾਰੇ ਤੁਹਾਡੇ ਜਾਨਣ ਲਈ

# 12

# ਗਲਾਂ

Edmonton

## ਐਡਮੰਟਨ ਵਿੱਚ ਨਵੇਂ ਆਇਆਂ ਲਈ ਸੂਚਨਾ-ਪੁਸਤਕ (Guide)

ਐਡਮੰਟਨ ਵਿੱਚ ਨਵੇਂ ਆਏ ਵਸਨੀਕਾਂ ਦੀ ਸਹਾਇਤਾ ਲਈ ਆਰੰਭਕ ਜਾਣਕਾਰੀ

# ਐਡਮੰਟਨ ਵਿੱਚ ਤੁਹਾਡਾ ਸਵਾਗਤ ਹੈ!

**ਸਾਨੂੰ ਬਹੁਤ ਖੁਸ਼ੀ ਹੈ ਕਿ ਤੁਸੀਂ ਐਡਮੰਟਨ ਸ਼ਹਿਰ ਵਿੱਚ ਆਪਣਾ ਨਵਾਂ ਘਰ ਬਨਾਉਣ ਦਾ ਫ਼ੈਸਲਾ ਕੀਤਾ ਹੈ। ਰਹਿਣ ਲਈ, ਕੰਮ ਕਰਨ ਲਈ ਅਤੇ ਖੇਡਣ-ਕੁੱਦਣ ਲਈ, ਐਡਮੰਟਨ ਇਕ ਬਹੁਤ ਚੰਗਾ ਸ਼ਹਿਰ ਹੈ, ਪਰ ਨਵੀਂ ਥਾਂ ਤੇ ਨਵੇਂ ਸਿਰਿਓਂ ਜ਼ਿੰਦਗੀ ਸ਼ੁਰੂ ਕਰਨਾ ਤੇ ਹਾਲਾਤ ਨਾਲ ਸਮਝੌਤਾ ਕਰਨਾ ਕਾਫ਼ੀ ਮੁਸ਼ਕਲ ਹੋ ਸਕਦਾ ਹੈ।**

ਇਹ ਸੂਚਨਾ-ਪੁਸਤਕ (guide) ਤੁਹਾਡੀ ਤੇ ਤੁਹਾਡੇ ਪਰਵਾਰ ਦੀ ਸਹਾਇਤਾ ਲਈ ਹੈ, ਇਸ ਵਿੱਚ ਤੁਹਾਨੂੰ ਸਾਡੇ ਸ਼ਹਿਰ ਸਬੰਧੀ ਜ਼ਰੂਰੀ ਜਾਣਕਾਰੀ ਮਿਲ ਸਕਦੀ ਹੈ, ਇਸ ਗਲ ਦਾ ਕੋਈ ਫ਼ਰਕ ਨਹੀਂ ਪੈਂਦਾ ਕਿ ਤੁਸੀਂ ਐਡਮੰਟਨ ਵਿੱਚ ਨਵੇਂ ਆਏ ਹੋ, ਅਲਬਰਟਾ ਵਿੱਚ ਨਵੇਂ ਹੋ ਜਾਂ ਫਿਰ ਕੈਨੇਡਾ ਵਿੱਚ ਪਹਿਲੀ ਵਾਰ ਆਏ ਹੋ। ਇਸ ਵਿੱਚ ਤੁਹਾਨੂੰ ਉਨ੍ਹਾਂ ਸਭ ਸੇਵਾਵਾਂ ਅਤੇ ਸੰਸਥਾਵਾਂ ਦੀ ਸੂਚੀ ਮਿਲੇਗੀ ਜੋ ਤੁਹਾਨੂੰ ਆਪਣੀ ਨਵੀਂ ਜ਼ਿੰਦਗੀ ਅਰੰਭ ਕਰਨ ਵਿੱਚ ਸਹਾਇਤਾ ਕਰੇਗੀ। ਇਨ੍ਹਾਂ ਵਿਚੋਂ ਕੁਝ ਕੁ ਸੇਵਾਵਾਂ ਹਨ ਜੋ ਐਡਮੰਟਨ ਸ਼ਹਿਰ ਵਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਅਤੇ ਕੁਝ ਹੋਰ ਸਥਾਨਕ ਸੰਸਥਾਵਾਂ ਵਲੋਂ ਹਨ।

ਅਸੀਂ ਉਮੀਦ ਕਰਦੇ ਹਾਂ ਕਿ ਇਹ ਸੂਚਨਾ-ਪੁਸਤਕ (guide) ਤੁਹਾਨੂੰ ਰੁਜ਼ਗਾਰ ਬਾਰੇ, ਸਿੱਖਿਆ ਸਬੰਧੀ, ਸਿਹਤਮੰਦ ਤੇ ਸੁਰੱਖਿਅਤ ਰਹਿਣ ਬਾਰੇ ਜਾਣਕਾਰੀ ਦੇਂਦੇ ਹੋਏ ਐਡਮੰਟਨ ਵਿੱਚ ਜ਼ਿੰਦਗੀ ਦਾ ਆਨੰਦ ਮਾਨਣ ਵਿੱਚ ਸਹਾਇਤਾ ਕਰੇਗੀ।

## ਅਧਿਕਾਰ ਤਿਆਗ (Disclaimers)

ਅਸੀਂ ਇਸ ਸੂਚਨਾ-ਪੁਸਤਕ (guide) ਵਿੱਚ ਬਹੁਤ ਸਾਰੇ ਫ਼ੋਨ ਨੰਬਰਜ਼ ਅਤੇ ਵੈਬਸਾਈਟ ਦੇ ਪਤੇ ਦਰਜ ਕੀਤੇ ਹਨ, ਇਹ ਵੀ ਯਤਨ ਕੀਤਾ ਹੈ ਕਿ ਇਹ ਜਾਣਕਾਰੀ ਬਿਲਕੁਲ ਸਹੀ ਹੋਵੇ। ਪਰ, ਜਾਣਕਾਰੀ ਬਦਲਦੀ ਰਹਿੰਦੀ ਹੈ, ਇਸ ਲਈ ਕਿਸੇ ਵੀ ਥਾਂ ਤੇ ਆਪ ਜਾਣ ਤੋਂ ਪਹਿਲਾਂ ਮਿਹਰਬਾਨੀ ਕਰਕੇ ਫ਼ੋਨ ਜਾਂ ਈ-ਮੇਲ ਰਾਂਹੀ ਥਾਂ ਦਾ ਪਤਾ, ਖੁਲ੍ਹਣ ਦਾ ਸਮਾਂ ਅਤੇ ਉਨ੍ਹਾਂ ਵਲੋਂ ਦਿਤੀਆਂ ਜਾ ਰਹੀਆਂ ਸੇਵਾਵਾਂ ਬਾਰੇ ਪੱਕਾ ਨਿਸਚਾ ਕਰ ਲਵੋ।

ਤੁਹਾਨੂੰ ਪੂਰੀ ਜਾਣਕਾਰੀ ਦੇਣਾ ਇਸ ਸੂਚਨਾ-ਪੁਸਤਕ (guide) ਦਾ ਉਦੇਸ਼ ਨਹੀਂ ਹੈ, ਪਰ ਤੁਹਾਨੂੰ ਉਨ੍ਹਾਂ ਸਾਧਨਾਂ ਅਤੇ ਸਥਾਨਾਂ ਬਾਰੇ ਜਾਣੂ ਕਰਵਾਉਣਾ ਹੈ ਜਿਥੋਂ ਤੁਹਾਨੂੰ ਆਪਣੀ ਜ਼ਰੂਰਤ ਅਨੁਸਾਰ ਜਾਣਕਾਰੀ ਮਿਲ ਸਕੇ। ਹੋਰ ਵਧੇਰੇ ਸੇਵਾਵਾਂ ਅਤੇ ਸਾਧਨਾਂ ਸਬੰਧੀ ਜਾਨਣ ਲਈ ਸਾਡੀ ਵੈਬਸਾਈਟ *www.edmonton.ca* ਤੇ ਜਾਓ।

## ਵਿਸ਼ਾ-ਸੂਚੀ


**4 | ਐਡਮੰਟਨ ਬਾਰੇ**

4 | ਐਡਮੰਟਨ ਦਾ ਇਤਿਹਾਸ
6 | ਅੱਜ ਦਾ ਐਡਮੰਟਨ

**8 | ਸਾਡੇ ਸਾਂਝੇ ਕੰਮ, ਤੁਹਾਡੇ ਲਈ**

8 | ਸਰਕਾਰ ਦੇ 3 ਪਧੱਰ
ਨਗਰਪਾਲਕਾ ਦੀਆਂ ਸੇਵਾਵਾਂ 8
ਪ੍ਰਾਂਤਕ ਸੇਵਾਵਾਂ 9
ਕੈਨੇਡਾ ਦੀ ਸਰਕਾਰ 9

**10 | ਜਾਣਕਾਰੀ ਪ੍ਰਾਪਤ ਕਰਨੀ**

10 | ਐਡਮੰਟਨ ਸ਼ਹਿਰ
10 | ਨਾਗਰਿਕ ਅਤੇ ਨਵ-ਆਗਮਨ ਜਾਣਕਾਰੀ ਕੇਂਦਰ
10 | ਸ਼ਹਿਰ ਦੀਆਂ ਸੇਵਾਵਾਂ: 311
10 | ਸਹਾਇਕ-ਸੰਘ: 211
11 | ਐਡਮੰਟਨ ਸ਼ਹਿਰ ਦੀ ਵੈਬਸਾਈਟ
12 | ਐਡਮੰਟਨ ਪਬਲਿਕ ਲਾਇਬਰੇਰੀ (EPL)

**13 | ਐਡਮੰਟਨ ਵਿੱਚ ਆਬਾਦ ਹੋਣਾ**

14 | ਪੁਨਰ-ਵਾਸ ਸੇਵਾਵਾਂ
15 | ਅਣਲਿਖਤ ਤਰਜਮਾਨੀ ਅਤੇ ਲਿਖਤੀ ਅਨੁਵਾਦ

**16 | ਐਡਮੰਟਨ ਵਿੱਚ ਚੱਲਣਾ-ਫ਼ਿਰਨਾ**

16 | ਗਲੀਆਂ ਤੇ ਮਾਰਗ
16 | ਜਨਤਕ ਆਵਾਜਾਈ
18 | ਐਡਮੰਟਨ ਵਿੱਚ ਮੋਟਰ-ਗੱਡੀ ਚਲਾਉਣਾ
20 | ਸਾਈਕਲ ਚਲਾਉਣਾ ਅਤੇ ਪੈਦਲ ਚਲਣਾ

**21 | ਐਡਮੰਟਨ ਵਿੱਚ ਰਹਿਣਾ**

21 | ਰਿਹਾਇਸ਼
24 | ਪੈਸੇ ਦੀ ਸੰਭਾਲ
25 | ਸ਼ਰਧਾ/ਧਾਰਮਕ ਭਾਈਚਾਰੇ
27 | ਭੋਜਨ
30 | ਕੁੱਤੇ, ਬਿੱਲੀਆਂ ਅਤੇ ਹੋਰ ਪਾਲਤੂ ਜਾਨਵਰ
31 | ਗੰਦ-ਪ੍ਰਬੰਧ ਅਤੇ ਮੁੜ-ਵਰਤੋਂ

## 32 | ਐਡਮੰਟਨ ਵਿੱਚ ਸਿੱਖਣਾ

32 । ਅੰਗਰੇਜ਼ੀ ਸਿੱਖਣਾ
33 । ਫ਼ਰਾਂਸੀਸੀ ਬੋਲੀ ਸਿੱਖਣਾ
34 । ਆਮ ਜਨਤਾ ਲਈ ਸਿੱਖਿਆ
34 । ਪ੍ਰਾਈਵੇਟ ਸਕੂਲ
35 । ਪੋਸਟ-ਸੈਕੰਡਰੀ ਐਜੂਕੇਸ਼ਨ
35 । ਨਿਰੰਤਰ ਸਿੱਖਿਆ

## 36 | ਐਡਮੰਟਨ ਵਿੱਚ ਕੰਮ ਕਰਨਾ

36 । ਸੋਸ਼ਲ ਇਨਸ਼ਿਉਰੰਸ ਨੰਬਰ
36 । ਅਲਬਰਟਾ ਵਿੱਚ ਰੁਜ਼ਗਾਰ ਦੇ ਮਿਆਰ, ਵਿਧਾਨ ਅਤੇ ਨਿਯਮ
36 । ਨੌਕਰੀ ਦੀ ਭਾਲ

## 38 | ਐਡਮੰਟਨ ਵਿੱਚ ਸਿਹਤਮੰਦ ਰਹਿਣਾ

38 । ਸਿਹਤ ਅਤੇ ਡਾਕਟਰੀ ਸਹੂਲਤਾਂ
ਦੰਦਾਂ ਦੇ ਡਾਕਟਰ ਦੀ ਭਾਲ 39
ਪਰਵਾਰ ਲਈ ਡਾਕਟਰ ਦੀ ਭਾਲ 39
ਪ੍ਰਾਈਮਰੀ ਕੇਅਰ ਨੈਟਵਰਕਸ 39
ਹਸਪਤਾਲ ਸੰਕਟ-ਕਾਲ ਸੇਵਾ 40
ਹਸਪਤਾਲਾਂ ਦੀ ਸਥਿੱਤੀ ਤੇ ਪਤੇ 40
ਵਾਕ-ਇਨ ਕਲਿਨਿਕਸ 40
ਪਬਲਿਕ ਹੈਲਥ ਸੈਂਟਰਜ਼ 41
ਮਲਟੀਕਲਚਰਲ ਹੈਲਥ ਬਰੋਕਰਜ਼ ਕੋ-ਓਪਰੇਟਿਵ (MCHB) 41
ਭਾਈਚਾਰੇ ਲਈ ਦਿਮਾਗੀ ਤੰਦਰੁਸਤੀ ਦੇ ਕਲਿਨਿਕਸ, (Alberta Health Services)
ਕਰਾਈਸਜ਼ ਸਪੋਰਟ ਸੈਂਟਰ - 24-ਘੰਟੇ ਲਈ ਸੰਕਟ ਸਮੇਂ ਸਹਾਇਤਾ ਫ਼ੋਨ-ਲਾਈਨ 41
42 । ਮਨੁੱਖੀ ਸੇਵਾਵਾਂ
ਸਲਾਹ-ਮਸ਼ਵਰਾ (Counselling) 42
ਬੱਚਿਆਂ ਤੇ ਨੌਜਵਾਨਾਂ ਲਈ ਸੇਵਾਵਾਂ 43
44 । ਭਾਈਚਾਰੇ ਲਈ ਪ੍ਰੋਗਰਾਮ ਤੇ ਸੇਵਾਵਾਂ
ਬੱਚਿਆਂ ਦੇ ਦੇਖ-ਭਾਲ 44
45 । ਬਜ਼ੁਰਗਾਂ ਲਈ ਸਹਾਇਤਾ ਅਤੇ ਪ੍ਰੋਗਰਾਮ
ਘਰ 45
ਸਹਾਇਕ ਸੇਵਾਵਾਂ 45
ਬਜ਼ੁਰਗ ਕੇਂਦਰ ਅਤੇ ਗਰੁਪ 46
ਬਜ਼ੁਰਗਾਂ ਲਈ ਆਵਾਜਾਈ ਦੇ ਸਾਧਨ 46

## 47 | ਐਡਮੰਟਨ ਵਿੱਚ ਸੁਰੱਖਿਅਤ ਰਹਿਣਾ

47 । ਸੰਕਟ ਕਾਲ
47 । ਅੱਗ-ਬਚਾਓ ਸੇਵਾ (FRS)
47 । ਐਡਮੰਟਨ ਪੁਲੀਸ ਸਰਵਿਸ (EPS)
48 । EPS ਵਲੋਂ ਮਜ਼ਲੂਮਾਂ ਲਈ ਸੇਵਾਵਾਂ
48 । ਆਵਾਜਾਈ ਨਿਗਰਾਨੀ
48 । ਬਾਈਲਆਜ਼
49 । ਪਰਵਾਰਿਕ ਤਸ਼ਦੱਦ
49 । ACT ਅਲਬਰਟਾ (Alberta Coalition on Human Trafficking)
49 । ਬਾਲ ਦੁਰਵਿਹਾਰ ਹੋਟਲਾਈਨ)
49 । ਜੁਰਮ ਰੋਕਣ ਵਾਲੇ (Crime Stoppers)
49 । ਸੈਕਸੂਅਲ ਅਸਾਲਟ ਸੈਂਟਰ ਆਫ਼ ਐਡਮੰਟਨ
49 । ਪੋਆਇਜ਼ਨ ਕੰਟਰੋਲ ਸੈਂਟਰ
49 । ਰੀਚ ਐਡਮੰਟਨ
50 । ਕਾਨੂੰਨ ਤੇ ਮਨੁੱਖੀ ਹੱਕ
ਕੈਨੇਡਾ ਦੀ ਕਾਨੂੰਨ ਪ੍ਰਣਾਲੀ 50
ਵਕੀਲ 51
ਮਨੁੱਖੀ ਹੱਕ 51

## 52 | ਐਡਮੰਟਨ ਵਿੱਚ ਮੌਜ-ਮਸਤੀ ਕਰਨਾ

53 । ਐਡਮੰਟਨ ਸ਼ਹਿਰ ਦੇ ਦਿਲਚਸਪ ਸਥਾਨ
54 । ਖੇਡਾਂ ਤੇ ਦਿਲਪਰਚਾਵਾ
54 । ਫੁਰਸਤ ਪ੍ਰਵੇਸ਼ ਪ੍ਰੋਗਰਾਮ
55 । ਕਲਾ ਤੇ ਸੱਭਿਅਤਾ
56 । ਐਡਮੰਟਨ ਦੇ ਮਨ-ਪਸੰਦ ਸਥਾਨ
57 । ਭਾਈਚਾਰਕ ਸੰਘ
57 । ਸੱਭਿਅਕ ਤੇ ਭਾਈਚਾਰਕ ਸੰਗਠਨ
57 । ਤਿਉਹਾਰ
57 । ਭਾਈਚਾਰਕ ਸਾਂਝੇਦਾਰੀ – ਸ੍ਵੈ –ਸੇਵਕ
58 । ਐਡਮੰਟਨ ਦੀ ਸਰਦੀ ਵਿੱਚ ਰਹਿਣਾ
ਮੌਸਮ ਦਾ ਪੂਰਵ-ਅਨੁਮਾਨ 59
ਹਵਾ ਦੀ ਠੰਢਕ 59
ਦਿਨ ਦੀ ਬੱਚਤ 59
60 । ਸੰਚਾਰ ਸਾਧਨ – ਸਥਾਨਕ
61 । ਸੰਚਾਰ ਸਾਧਨ – ਸਭਿਆਚਾਰਕ


## 62 | ਨਗਰਪਾਲਕਾ ਸਰਕਾਰ

62 । ਚੁਣੇ ਹੋਏ ਅਧਿਕਾਰੀ (City Council)
62 । ਬਾਈਲਾਜ਼
63 । ਸਿਟੀ ਹਾਲ ਵਿੱਚ ਕੀ ਹੁੰਦਾ ਹੈ?
63 । ਸ਼ਹਿਰ ਦੀਆਂ ਚੋਣਾਂ ਅਤੇ ਵੋਟ ਪਾਉਣਾ
63 । ਚੋਣਾਂ ਅਤੇ ਮਰਦਮ ਸ਼ੁਮਾਰੀ ਦੀਆਂ ਸੇਵਾਵਾਂ
63 । ਜਨਤਕ ਪੂਰਵ-ਨਿਯੁਕਤੀ (Public Engagement)
63 । ਸਿਵਿਕ ਬੋਰਡਜ਼ ਐਂਡ ਏਜੰਸੀਜ਼ (Civic Boards and Agencies)

# ਐਡਮੰਟਨ ਬਾਰੇ

# 01





## ਐਡਮੰਟਨ ਦਾ ਇਤਿਹਾਸ

ਮੁੱਢਲੀਆਂ ਕੌਮਾਂ (First Nations) ਦੇ ਲੋਕ ਐਡਮੰਟਨ ਦੇ ਸਭ ਤੋਂ ਪਹਿਲੇ ਵਸਨੀਕ ਸਨ ਜਿਨ੍ਹਾਂ ਵਿੱਚ ਕਰੀਅ (Cree), ਨਕੋਡਾ ਸੂ (Nakoda Sioux), ਬਲੈਕਫ਼ੁਟ (Blackfoot), ਅਤੇ ਹੋਰ ਕਈ ਸ਼ਾਮਲ ਹਨ। ਕਰੀਅ ਬੋਲੀ ਵਿੱਚ ਐਡਮੰਟਨ ਦਾ ਨਾਮ ਹੈ amiskwaciwâskahikan, ਜਿਸਦਾ ਅਰਥ ਹੈ ਬੀਵਰ ਹਿੱਲਜ਼ ਹਊਸ (Beaver Hills House) (ਇਸਦਾ ਸੰਖੇਪ ਰੂਪ ਹੈ ਅਮਿਸਕਵਚੀ (amiskwaciy) – ਤੇ ਉਚਾਰਿਆ ਜਾਂਦਾ ਹੈ ਅਮਿਸਕ-ਵਚੀ (amisk-wa-chee).

ਅਮਿਸਕਵਚੀ (ਐਡਮੰਟਨ) ਦੇ ਦਰਿਆ, ਉੱਤਰੀ ਸਸਕੈਚਵਨ ਦੇ ਕੰਡਿਆਂ ਤੇ, ਹਜ਼ਾਰਾਂ ਸਾਲਾਂ ਤੋਂ ਮੁੱਢਲੀਆਂ ਕੌਮਾਂ (First Nations) ਦੇ ਇਹ ਲੋਕ ਇਕੱਠੇ ਹੋ ਕੇ ਸ਼ਿਕਾਰ ਕਰਦੇ, ਮੱਛੀਆਂ ਫੜਦੇ, ਵਪਾਰ ਕਰਦੇ, ਅਤੇ ਆਪਣੇ ਸਭਿਅਕ ਜਸ਼ਨ ਮਨਾਉਂਦੇ ਰਹੇ ਹਨ। ਮੁੱਢਲੀਆਂ ਕੌਮਾਂ (First Nations) ਦੀ ਸਭਿਅਤਾ ਵਿੱਚ ਲੋਕਾਂ ਦਾ ਆਪਸੀ ਸੰਬਧ, ਪੌਦਿਆਂ, ਜਾਨਵਰਾਂ, ਪਾਣੀ, ਅਤੇ ਧਰਤੀ ਨਾਲ ਰਿਸ਼ਤਾ ਬਹੁਤ ਮਹਤੱਤਾ ਰੱਖਦਾ ਹੈ।

1795 ਵਿੱਚ ਹਡਸਨ ਬੇ ਦੀ ਕੰਪਨੀ (Hudson's Bay Company) ਨੇ ਫ਼ੋਰਟ ਐਡਮੰਟਨ (Fort Edmonton) ਬਣਾਇਆ ਤਾਂ ਕਿ ਇਸ ਇਲਾਕੇ ਵਿੱਚ ਫ਼ਰ ਦਾ ਵਪਾਰ ਹੋ ਸਕੇ। ਇਸ ਫ਼ਰ ਵਪਾਰ ਨਾਲ ਮੁੱਢਲੀਆਂ ਕੌਮਾਂ (First Nations) ਦੇ ਲੋਕਾਂ ਨੇ ਜਾਨਵਰਾਂ ਦੀਆਂ ਖੱਲਾਂ ਤੇ ਚਮੜੀਆਂ (ਜਿਵੇਂ ਬੀਵਰ) ਦੇ ਬਦਲੇ ਵਿੱਚ ਯੂਰਪੀਨ ਵਪਾਰੀਆਂ ਤੋਂ ਰਾਈਫ਼ਲਾਂ ਤੇ ਹੋਰ ਔਜ਼ਾਰਾਂ ਦਾ ਸਾਮਾਨ ਲਿਆ।

ਤੁਸੀਂ ਅੱਜ ਵੀ ਬੀਵਰ ਨੂੰ, ਜੋ ਕਿ ਕੈਨੇਡਾ ਦਾ ਕੌਮੀ ਜਾਨਵਰ ਹੈ, ਐਡਮੰਟਨ ਦੇ ਦਰਿਆ ਦੀ ਵਾਦੀ ਵਿੱਚ ਦੇਖ ਸਕਦੇ ਹੋ।

ਕੈਨੇਡਾ 1867 ਵਿੱਚ ਇੰਗਲੈਂਡ ਤੋਂ ਆਜ਼ਾਦ ਹੋ ਗਿਆ ਸੀ। ਕੈਨੇਡਾ ਦੀ ਨਵੀਂ ਸਰਕਾਰ ਨੇ ਪਛੱਮੀ ਕੈਨੇਡਾ ਵਿੱਚ ਵੱਸ ਰਹੇ ਮੁੱਢਲੀਆਂ ਕੌਮਾਂ (First Nations) ਦੇ ਵਸਨੀਕਾਂ ਨਾਲ ਸਮਝੌਤੇ (Treaties) ਕਰਨੇ ਅਰੰਭ ਕਰ ਦਿਤੇ। ਫ਼ੋਰਟ ਐਡਮੰਟਨ ਦੇ ਇਲਾਕੇ ਵਿੱਚ ਅਗਸਤ 21, 1877 ਨੂੰ ਮੁੱਢਲੀਆਂ ਕੌਮਾਂ ਦੇ ਵਸਨੀਕਾਂ (First Nations peoples) ਨੇ ਕੈਨੇਡਾ ਦੀ ਸਰਕਾਰ ਨਾਲ ਟਰੀਟੀ ਸਿਕਸ (Treaty Six) ਦਾ ਸਮਝੌਤਾ ਕੀਤਾ। ਅਲਬਰਟਾ ਤੇ ਸਸਕੈਚਵਨ ਦਾ ਕੇਂਦਰੀ ਭਾਗ ਟਰੀਟੀ ਸਿਕਸ ਵਿੱਚ ਆਉਂਦਾ ਹੈ। ਅਲਬਰਟਾ ਵਿੱਚ, ਟਰੀਟੀ ਸਿਕਸ ਵਿੱਚ ਕਰੀਅ (Cree), ਨਕੋਡਾ ਸੁ (Nakoda Sioux), ਸੋਟੋ (Saulteaux), ਅਤੇ ਡਿਨੇ ਹੈਰੀਟੇਜ (Dene heritage) ਦੀਆਂ 18 ਮੁੱਢਲੀਆਂ ਕੌਮਾਂ (First Nations) ਸ਼ਾਮਲ ਹਨ।

ਇਸ ਸਮਝੌਤੇ ਦਾ ਕੀ ਭਾਵ ਹੈ, ਇਸ ਸਬੰਧੀ ਕੇਂਦਰੀ ਸਰਕਾਰ ਤੇ ਮੁੱਢਲੀਆਂ ਕੋਮਾਂ (First Nations) ਦੇ ਵੱਖ ਵੱਖ ਵਿਚਾਰ ਸਨ। ਸਰਕਾਰ ਨੇ ਸਮਝਿਆ ਕਿ ਇਸ ਨਾਲ ਮੁੱਢਲੀਆਂ ਕੌਮਾਂ (First Nations) ਦਾ ਇਸ ਧਰਤੀ ਤੇ ਹੱਕ ਦਾ ਅੰਤ ਹੋ ਗਿਆ ਸੀ। ਮੁੱਢਲੀਆਂ ਕੌਮਾਂ (First Nations) ਨੇ ਇਸਨੂੰ ਇਕ ਪਵਿਤਰ ਸਮਝੌਤਾ ਸਮਝਿਆ ਜਿਸ ਨਾਲ ਇਕ ਕੌਮ ਦਾ ਦੂਜੀ ਕੌਮ ਨਾਲ ਅਜਿਹਾ ਰਿਸ਼ਤਾ ਕਾਇਮ ਹੋਇਆ ਜੋ ਲੰਮੇ ਸਮੇਂ ਤਕ ਰਹੇਗਾ "...ਜਦ ਤਕ ਸੂਰਜ ਚਮਕਦਾ ਹੈ, ਘਾਹ ਉੱਗਦਾ ਹੈ, ਅਤੇ ਦਰਿਆ ਵਗਦੇ ਹਨ..."

2012 ਵਿੱਚ ਐਡਮੰਟਨ ਸ਼ਹਿਰ ਨੇ ਟਰੀਟੀ ਸਿਕਸ ਫ਼ਰਸਟ ਨੇਸ਼ਨਜ਼ ਦੇ ਸੰਗਠਨ (Confederacy of Treaty Six First Nations) ਨਾਲ ਇਕ ਸਹਿਯੋਗ ਤੇ ਵਾਰਤਾਲਾਪੀ ਯਾਦ-ਪੱਤਰ (Memorandum of Cooperation and Dialogue) ਤਿਆਰ ਕੀਤਾ, ਅਜਿਹਾ ਹੀ ਇਕ ਸਾਂਝੀ ਮਾਨਤਾ ਤੇ ਸਹਿਯੋਗ ਦਾ ਯਾਦ-ਪੱਤਰ (Memorandum of Shared Recognition and Cooperation) 2013 ਵਿੱਚ ਅਲਬਰਟਾ ਦੀ ਮੇਟੀ ਕੌਮ (Métis Nation of Alberta) ਨਾਲ ਵੀ ਤਿਆਰ ਕੀਤਾ। ਇਹ ਯਾਦ-ਪੱਤਰ, ਵਾਰਤਾਲਾਪ ਤੇ ਮਿਲਵਰਤਣ, ਸਭਿਅਤਾ ਅਤੇ ਇਤਿਹਾਸ ਦੀ ਮਾਨਤਾ ਵਿੱਚ ਵਾਧਾ ਕਰਨ ਲਈ ਇਕ ਇਕਰਾਰਨਾਮਾ ਹਨ, ਅਤੇ ਉਨ੍ਹਾਂ ਸਭ ਮਸਲਿਆਂ ਵਲ ਧਿਆਨ ਦੇਣ ਲਈ ਜਿਨ੍ਹਾਂ ਦਾ ਅਸਰ ਉਨ੍ਹਾਂ ਸਭ ਲੋਕਾਂ ਤੇ ਪੈਂਦਾ ਹੈ ਜੋ ਐਡਮੰਟਨ ਨੂੰ ਆਪਣਾ ਘਰ ਸਮਝਦੇ ਹਨ।

1982 ਵਿੱਚ ਕਨੇਡੀਅਨ ਕੋਨਸਟੀਚਿਊਸ਼ਨ ਐਕਟ (Canadian Constitution Act) ਦੀਆਂ ਤਬਦੀਲੀਆਂ ਤੋਂ ਬਾਦ ਕੈਨੇਡਾ ਦੀ ਸਰਕਾਰ ਨੇ ਆਦਿਵਾਸੀ ਕੌਮਾਂ (Aboriginal Peoples) ਨੂੰ ਕਨੂੰਨੀ ਤੌਰ ਤੇ ਮੁੱਢਲੀਆਂ ਕੌਮਾਂ (First Nations), ਮੇਟੀ (Metis) (ਮੁਢੱਲੀਆਂ ਕੌਮਾਂ (First Nations) ਅਤੇ ਫ਼ਰਾਂਸੀਸੀ ਜਾਂ ਸਕੌਟਿਸ਼ ਯੂਰਪੀਨੀਆਂ ਦੀ ਸੰਤਾਨ), ਅਤੇ ਇਨੀਉਟ (Inuit) ਸਵੀਕਾਰ ਕਰ ਲਿਆ ਹੈ। ਐਡਮੰਟਨ ਵਿੱਚ ਅੱਜ, ਸ਼ਹਿਰੀ ਐਬਓਰਿਜਨਲ (Aboriginal) ਜਨ ਸੰਖਿਆ ਸਭ ਤੋਂ ਵੱਧ ਹੈ ਜੋ ਕੈਨੇਡਾ ਵਿੱਚ ਦੂਜੇ ਦਰਜੇ ਤੇ ਹੈ। ਇੱਥੇ ਸਾਰੇ ਅਲਬਰਟਾ ਤੇ ਕੈਨੇਡਾ ਤੋਂ ਹੋਰ ਵੀ ਬਹੁਤ ਐਬਓਰਿਜਨਲ (Aboriginal) ਕੌਮਾਂ ਹਨ ਜਿਨ੍ਹਾਂ ਵਿੱਚ ਹੋਰ ਮੁੱਢਲੀਆਂ ਕੌਮਾਂ (First Nations), ਮੇਟੀ (Metis) ਅਤੇ ਇਨਿਉਟ (Inuit) ਕੌਮਾਂ ਵੀ ਸ਼ਾਮਲ ਹਨ।

ਫ਼ੋਰਟ ਐਡਮੰਟਨ ਦੇ ਆਲੇ-ਦੁਆਲੇ ਸੰਨ 1900 ਤਕ ਇਕ ਛੋਟਾ ਜਿਹਾ ਸ਼ਹਿਰ ਬਣ ਗਿਆ ਸੀ। 1905 ਵਿੱਚ ਐਡਮੰਟਨ ਕਨੂੰਨੀ ਤੌਰ ਤੇ ਸ਼ਹਿਰ ਬਣ ਗਿਆ, ਅਤੇ ਇਕ ਸਾਲ ਬਾਦ 1905 ਵਿੱਚ, ਐਡਮੰਟਨ ਨਵੇਂ ਬਣੇ ਅਲਬਰਟਾ ਪ੍ਰਾਂਤ ਦੀ ਰਜਧਾਨੀ ਬਣ ਗਿਆ।

ਇਸ ਸਮੇਂ ਦੱਸ ਲੱਖ ਤੋਂ ਵੀ ਵੱਧ ਲੋਕ ਐਡਮੰਟਨ ਦੇ ਇਲਾਕੇ ਵਿੱਚ ਰਹਿ ਰਹੇ ਹਨ। ਸਾਡਾ ਸਾਫ਼-ਸੁਥਰਾ ਤੇ ਮਿਲਵਰਤਣ ਵਾਲਾ ਸ਼ਹਿਰ ਰਹਿਣ, ਕੰਮ ਕਰਨ, ਤੇ ਪਰਵਾਰ ਦਾ ਪਾਲਣ-ਪੋਸਣ ਕਰਨ ਲਈ ਇਕ ਬਹੁਤ ਚੰਗੀ ਥਾਂ ਹੈ। ਐਡਮੰਟਨ ਦੀ ਆਰਥਕ ਅਵਸਥਾ ਬਹੁਤ ਮਜ਼ਬੂਤ ਹੈ ਅਤੇ ਇੱਥੇ ਰੋਜ਼ਗਾਰ, ਵਪਾਰ, ਖੇਡਾਂ, ਮਨ ਪਰਚਾਵੇ ਤੇ ਸਭਿਅਤਾ ਦੇ ਵਿਕਾਸ ਲਈ ਬਹੁਤ ਮੌਕੇ ਹਨ।



# ਅੱਜ ਦਾ ਐਡਮੰਟਨ



## ਦੁਨੀਆ ਦੇ


## ਹਰ ਹਿੱਸੇ ਤੋਂ ਆਏ ਲੋਕਾਂ ਦਾ ਘਰ ਹੈ।



ਐਡਮੰਟਨ ਦਾ ਸਿਹਤ ਸੰਭਾਲ ਦਾ ਪ੍ਰੋਗਰਾਮ ਕੈਨੇਡਾ ਦੇ ਕੁਝ ਕੁ ਸਭ ਤੋਂ ਵਧੀਆ ਪ੍ਰੋਗਰਾਮਾਂ ਵਿਚੋਂ ਹੈ।



ਸਾਡੇ ਦੁਨੀਆ ਵਿੱਚ ਸਭ ਤੋਂ ਵਧੀਆ ਰੀਸਾਈਕਲਿੰਗ (recycling) ਅਤੇ ਕੂੜਾ ਕਰਕਟ ਦੇ ਇੰਤਜ਼ਾਮ ਲਈ ਪ੍ਰੋਗਰਾਮ ਐਡਮੰਟਨ ਨੂੰ ਕੈਨੇਡਾ ਦਾ ਸਭ ਤੋਂ ਵੱਧ ਗ੍ਰੀਨ (ਵਾਯੂਮੰਡਲ ਲਈ ਸਹਾਇਕ) ਸ਼ਹਿਰ ਬਣਾਉਂਦੇ ਹਨ।



ਐਡਮੰਟਨ ਵਿੱਚ ਸਕੂਲ-ਬਾਦ ਸਿਖਿਆ (post-secondary education) ਪ੍ਰਣਾਲੀ ਬਹੁਤ ਹੀ ਉੱਤਮ ਤੇ ਭਿੰਨਤਾ ਭਰਪੂਰ ਹੈ, ਅਤੇ ਇੱਥੇ ਇਸ ਦੇਸ਼ ਦੇ ਕੁਝ ਕੁ ਬਹੁਤ ਵਧੀਆ ਵਿਸ਼ਵਵਿਦਿਆਲੇ, ਕਾਲਜ, ਅਤੇ ਜਨ ਸਿਖਿਆ ਕੇਂਦਰ ਹਨ।




ਐਡਮੰਟਨ ਦੀ ਭਿੰਨਤਾ ਭਰਪੂਰ ਪਬਲਿਕ ਸਕੂਲ ਪ੍ਰਣਾਲੀ ਕਿੰਡਰਗਾਰਟਨ ਤੋਂ ਲੈ ਕੇ ਗਰੇਡ 12 ਤਕ ਦੇ ਵਿਦਿਆਰਥੀਆਂ ਨੂੰ ਸਿਖਿਆ ਪ੍ਰਦਾਨ ਕਰਦੀ ਹੈ। ਪਬਲਿਕ ਸਕੂਲ ਪ੍ਰਣਾਲੀ ਵਿੱਚ ਧਰਮ, ਬੋਲੀ, ਸਭਿਅਤਾ, ਕਲਾ ਜਾਂ ਖੇਡਾਂ ਦੇ ਆਧਾਰ ਤੇ ਬਦਲਵੀਂ ਚੋਣ (alternative options) ਸ਼ਾਮਲ ਹੈ। ਸਾਰੇ ਐਡਮੰਟਨ ਵਿੱਚ ਕਈ ਪ੍ਰਾਈਵੇਟ ਸਕੂਲ ਹਨ ਜੋ ਹੋਰ ਵਧੇਰੇ ਸਿਖਿਆ ਦੇ ਪ੍ਰੋਗਰਾਮਾਂ ਵਿੱਚ ਚੋਣ ਪ੍ਰਦਾਨ ਕਰਦੇ ਹਨ।



ਹਰ ਸਾਲ 30 ਤੋਂ ਵੀ ਵੱਧ ਵੱਡੇ ਤਿਉਹਾਰ ਮਨਾਉਣ ਕਾਰਨ ਐਡਮੰਟਨ ਨੂੰ ਕੈਨੇਡਾ ਦਾ ਤਿਉਹਾਰਾਂ ਵਾਲਾ ਸ਼ਹਿਰ ਕਿਹਾ ਜਾਂਦਾ ਹੈ।




ਇੱਥੇ 150 ਸਮਾਜਕ ਭਾਈਚਾਰਿਆਂ ਦੇ ਸੰਗਠਨ ਹੋਣ ਕਰਕੇ ਤੁਹਾਡੇ ਲਈ ਭਾਈਚਾਰਕ ਖੇਡਾਂ, ਮਨਪਰਚਾਵੇ, ਸਭਿਆਚਾਰ, ਅਤੇ ਵਿੱਦਿਅਕ ਸਰਗਰਮੀਆਂ ਵਿੱਚ ਭਾਗ ਲੈਣ ਦੇ ਬਹੁਤ ਮੌਕੇ ਹਨ।




ਐਡਮੰਟਨ ਕੈਨੇਡਾ ਦੇ ਸਭ ਤੋਂ ਵੱਧ ਧੁੱਪ ਦੀ ਰੌਸ਼ਨੀ ਲੈਣ ਵਾਲੇ ਸ਼ਹਿਰਾਂ ਵਿਚੋਂ ਹੈ। ਹਰ ਸਾਲ ਔਸਤਨ 2,300 ਘੰਟੇ ਧੁੱਪ ਦੀ ਰੌਸ਼ਨੀ ਹੁੰਦੀ ਹੈ, ਅਤੇ ਗਰਮੀਆ ਦੇ ਸਭ ਤੋਂ ਲੰਮੇ ਦਿਨ, ਜੂਨ 21 ਨੂੰ ਧੁੱਪ 17 ਘੰਟੇ ਰਹਿੰਦੀ ਹੈ।

ਸਾਡੇ ਉੱਤਰੀ ਸਸਕੈਚਵਨ ਦਰਿਆ ਦੀ ਵਾਦੀ ਵਿੱਚ ਪਾਰਕ, ਉੱਤਰੀ ਅਮਰੀਕਾ ਦਾ ਸਭ ਤੋਂ ਲੰਮਾ ਸ਼ਹਿਰੀ ਪਾਰਕ ਹੈ।




ਸਰਕਾਰ ਦੇ 3 ਪੱਧਰ



# ਨਗਰਪਾਲਕਾ ਦੀਆਂ ਸੇਵਾਵਾਂ

**ਜੇ ਤੁਸੀਂ ਨਗਰਪਾਲਕਾ ਦੀਆਂ ਸੇਵਾਵਾਂ ਬਾਰੇ ਕੁਝ ਪੁੱਛਣਾ ਹੋਵੇ ਤਾਂ ਇਸ ਵੈਬਸਾਈਟ** *www.edmonton.ca* **ਤੇ ਜਾਓ ਜਾਂ** 311 **ਨੰਬਰ ਤੇ ਫ਼ੋਨ ਕਰੋ। ਸਿਟੀ ਆਫ ਐਡਮੰਟਨ ਵਲੋਂ ਇਹ ਕੁਝ ਕੁ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆ ਹਨ:**

## ਸੁਰਖਿਆ

ਪੁਲੀਸ ਅਤੇ ਅੱਗ ਲਗਣ ਤੇ ਸੇਵਾਵਾਂ, ਤੁਫ਼ਾਨ ਅਤੇ ਸਫਾਈ ਲਈ ਜਲ-ਨਿਕਾਸ ਪ੍ਰਣਾਲੀ, ਸੰਕਟ ਅਤੇ ਦੁਰਘਟਨਾ ਸਮੇਂ ਸਹਾਇਤਾ ਸਬੰਧੀ ਸੇਵਾਵਾਂ।

## ਸੜਕਾਂ

ਐਡਮੰਟਨ ਸ਼ਹਿਰ ਵਿੱਚ ਰਾਹ-ਰਸਤੇ, ਪੈਦਲ ਰਸਤੇ, ਬਾਈਸਿਕਲ ਲਈ ਗਲੀਆਂ ਅਤੇ ਪੁਲ ਬਨਾਉਣੇ ਤੇ ਉਨ੍ਹਾਂ ਦੀ ਦੇਖ-ਭਾਲ ਕਰਨੀ।

## ਮਨੋਰੰਜਨ

ਹਰ ਉਮਰ ਦੇ ਐਡਮੰਟਨ ਵਾਸੀਆਂ ਲਈ ਮਨੋਰੰਜਕ ਪ੍ਰੋਗਰਾਮ ਤੇ ਸੇਵਾਵਾਂ ਪ੍ਰਦਾਨ ਕਰਦੇ ਹਨ, ਜਿਨ੍ਹਾਂ ਵਿੱਚ ਸ਼ਾਮਲ ਹਨ - ਤਰਨ-ਤਲਾਬ, ਖੇਡ-ਮੈਦਾਨ, ਰੰਗ-ਭੂਮੀ, ਅਤੇ ਵਿਸ਼ੇਸ਼ ਖੇਡਾਂ ਲਈ ਮੈਦਾਨ।.

## ਆਵਾਜਾਈ

ਐਡਮੰਟਨ ਵਾਸੀਆਂ ਨੂੰ ਸ਼ਹਿਰ ਦੇ ਵੱਖ ਵੱਖ ਭਾਗਾਂ ਨਾਲ ਜੋੜਨ ਲਈ – ਐਡਮੰਟਨ ਪਬਲਿਕ ਟਰਾਂਜ਼ਿਟ (Edmonton Public Transit) (ETS) ਬਸਾਂ ਅਤੇ ਨਗਰ ਰੇਲ ਗਡੀਆਂ (Light Rail Transit) (LRT).

## ਜਾਣਕਾਰੀ

311 (ਫ਼ੋਨ) ਅਤੇ www.edmonton.ca (ਵੈਬਸਾਈਟ) ਤੇ ਜਾਣ ਨਾਲ ਐਡਮੰਟਨ ਦੇ ਸਭ ਪ੍ਰੋਗਰਾਮਾਂ ਤੇ ਸੇਵਾਵਾਂ ਸੰਬਧੀ ਜਾਣਕਾਰੀ ਮਿਲ ਸਕਦੀ ਹੈ।

*ਚੁਣੇ ਹੋਏ ਪ੍ਰਤਿਨਿੱਧੀ ਕੌਣ ਹਨ ਅਤੇ ਉਨ੍ਹਾਂ ਨਾਲ ਤੁਸੀਂ ਸੰਪਰਕ ਕਿਸ ਤਰ੍ਹਾਂ ਕਰ ਸਕਦੇ ਹੋ, ਇਹ ਜਾਣਨ ਲਈ ਇਸ ਵੈਬਸਾਈਟ ਤੇ ਜਾਓ:*
*ਵੈਬਸਾਈਟ: www.edmonton.ca > City Government > Councillors & Mayor*
ਫ਼ੋਨ: 311



# ਪ੍ਰਾਂਤਕ ਸੇਵਾਵਾਂ



# ਕੈਨੇਡਾ ਦੀ ਸਰਕਾਰ

ਪ੍ਰਾਂਤਕ ਸੇਵਾਵਾਂ ਦੀ ਜਾਣਕਾਰੀ ਲਈ *www.alberta.ca* ਵੈਬਸਾਈਟ ਤੇ ਜਾਓ। ਇਹ ਕੁਝ ਕੁ ਸੇਵਾਵਾਂ ਹਨ ਜੋ ਪ੍ਰਾਂਤਕ ਸਰਕਾਰ ਪ੍ਰਦਾਨ ਕਰਦੀ ਹੈ:

## ਸਿਹਤ ਸੰਭਾਲ

ਸਾਰੇ ਅਲਬਰਟਾ ਵਾਸੀਆਂ ਨੂੰ ਅਲਬਰਟਾ ਹੈਲਥ ਸਰਵਸਿਜ਼ (Alberta Health Services) ਵਲੋਂ ਹਸਪਤਾਲਾਂ ਵਿੱਚ, ਡਾਕਟਰ ਦੇ ਦਫ਼ਤਰ ਵਿੱਚ ਅਤੇ ਇੰਟਰਨੈਟ (Internet) ਤੇ ਸਿਹਤ ਰਖਿਆ ਪ੍ਰਦਾਨ ਕੀਤੀ ਜਾਂਦੀ ਹੈ।

## ਕਿਰਤ ਕਨੂੰਨ (Labour Laws)

ਕਿਰਤ ਕਨੂੰਨ ਤੇ ਮਿਆਰ (Labour Laws and Standards) ਬਣਾਉਂਦੇ ਤੇ ਲਾਗੂ ਕਰਦੇ ਹਨ।.

## ਅੰਤਰਰਾਸ਼ਟਰੀ ਯੋਗਤਾਵਾਂ ਦੀ ਅਨੁਮਾਨ ਸੇਵਾ (International Qualifications Assessment Service (IQAS)

ਅੰਤਰਰਾਸ਼ਟਰੀ ਵਿਦਿਅਕ ਪ੍ਰਮਾਣ ਪਤਰਾਂ ਦਾ ਅਨੁਮਾਨ ਲਗਾਉਂਦੇ ਅਤੇ ਉਨ੍ਹਾਂ ਦੀ ਤੁਲਨਾ ਕੈਨੇਡਾ ਦੇ ਵਿਦਿਅਕ ਮਿਆਰਾਂ ਨਾਲ ਕਰਦੇ ਹਨ।

## ਮਨੁੱਖੀ ਸੇਵਾਵਾਂ

ਬੱਚੇ ਦੀ ਦੇਖ-ਭਾਲ ਲਈ ਮਾਇਕ ਸਹਾਇਤਾ ਅਤੇ ਮੂਲ ਜ਼ਰੂਰਤਾਂ ਦੀ ਪੂਰਤੀ ਲਈ ਆਮਦਨ ਵਿੱਚ ਮਦੱਦ ਕਰਦੇ ਹਨ।

## ਚਾਲਕ ਲਾਈਸੈ'ਂਸ (Driver's License)

ਚਾਲਕ ਲਾਈਸੈਂਸ ਦੇਂਦੇ ਅਤੇ ਸੜਕ ਤੇ ਆਵਾਜਾਈ ਦੇ ਸਾਧਨਾਂ ਦੀ ਰਜਿਸਟ੍ਰੇਸ਼ਨ ਕਰਦੇ ਹਨ।

## ਦੀ ਅਲਬਰਟਾ ਲੈਜਿਸਲੇਟਿਵ ਅਸੈਂਬਲੀ (The Alberta Legislative Assembly)

ਅਲਬਰਟਾ ਸਰਕਾਰ ਦਾ ਸਥਾਨ ਪ੍ਰਾਂਤਕ ਰਾਜਧਾਨੀ ਐਡਮੰਟਨ ਵਿੱਚ ਹੈ। ਆਮ ਜਨਤਾ ਵਾਸਤੇ ਇਸਨੂੰ ਦੇਖਣ ਲਈ ਟੂਰ ਮਿਲ ਜਾਂਦੇ ਹਨ। ਦਰਸ਼ਕਾਂ ਦੀ ਜਾਣਕਾਰੀ ਲਈ ਇਹ ਵੈਬਸਾਈਟ ਹੈ:

*www.assembly.ab.ca > Visitor Information*

*ਚੁਣੇ ਹੋਏ ਪ੍ਰਤਿਨਿੱਧੀ ਕੌਣ ਹਨ ਅਤੇ ਉਨ੍ਹਾਂ ਨਾਲ ਤੁਸੀਂ ਸੰਪਰਕ ਕਿਸ ਤਰ੍ਹਾਂ ਕਰ ਸਕਦੇ ਹੋ, ਇਹ ਜਾਣਣ ਲਈ ਇਸ ਵੈਬਸਾਈਟ ਤੇ ਜਾਓ:*
*Website: www.assembly.ab.ca > Members of the Legislative Assembly*

ਕੈਨੇਡਾ ਦੀ ਸਰਕਾਰ ਵਲੋਂ ਪ੍ਰਦਾਨ ਕੀਤੀਆਂ ਗਈਆਂ ਸੇਵਾਵਾਂ ਲਈ ਇਸ ਵੈਬਸਾਈਟ *www.servicecanada.gc.ca* ਤੇ ਜਾਓ। ਇਹ ਕੁਝ ਕੁ ਸੇਵਾਵਾਂ ਹਨ ਜੋ ਕੇਂਦਰੀ ਸਰਕਾਰ ਵਲੋਂ ਮਿਲਦੀਆਂ ਹਨ।

## ਸੋਸ਼ਲ ਇਨਸ਼ਿਉਰੰਸ ਨੰਬਰਜ਼ (Social Insurance Numbers)

ਕੈਨੇਡਾ ਵਿੱਚ ਕੰਮ ਕਰਨ ਲਈ ਹਰ ਵਿਅਕਤੀ ਨੂੰ ਸੋਸ਼ਲ ਇਨਸ਼ਿਉਰੰਸ ਨੰਬਰ (Social Insurance Number (SIN) ਦੀ ਜ਼ਰੂਰਤ ਹੈ।

## ਕੈਨੇਡਾ ਦੀ ਨਾਗਰਿਕਤਾ ਅਤੇ ਆਵਾਸੀ ਸੇਵਾਵਾਂ (Canadian Citizenship & Immigration Services)

ਅਸਥਾਈ ਨਿਵਾਸ, ਪੜ੍ਹਨ, ਕੰਮ ਜਾਂ ਕੈਨੇਡਾ ਵਿੱਚ ਆਵਾਸ ਲਈ ਵੀਜ਼ਾ ਅਤੇ ਨਾਗਰਿਕਤਾ, ਪੱਕੀ ਰਿਹਾਇਸ਼ ਲਈ ਕਾਰਡ ਜਾਂ ਰਿਫ਼ੀਊਜੀ ਰਖਿਆ ਲਈ ਅਰਜ਼ੀ ਦੇਣ ਦੀ ਸੇਵਾ ਪ੍ਰਦਾਨ ਕਰਦੇ ਹਨ।

## ਆਮਦਨ ਟੈਕਸ

ਕੈਨੇਡਾ ਰੈਵੀਨਿਊ ਏਜੰਸੀ (Canada Revenue Agency) ਸਾਰੇ ਨਾਗਰਿਕਾਂ ਤੋਂ ਸਾਲਾਨਾ ਆਮਦਨ ਟੈਕਸ ਇਕੱਠਾ ਕਰਦੀ ਹੈ।

## ਪਾਸਪੋਰਟਸ (Passports)

ਕੈਨੇਡਾ ਵਾਸੀਆਂ ਨੂੰ ਪਾਸਪੋਰਟ ਦੇਂਦੇ ਹਨ।

## ਮੁੱਢਲੀਆਂ ਕੌਮਾਂ ਦੇ ਕਾਰਵਿਹਾਰ ਅਤੇ ਉੱਤਰੀ ਵਿਕਾਸ (Aboriginal Affairs and Northern Development)

ਮੁੱਢਲੀਆਂ ਕੌਮਾਂ ਤੇ ਕੈਨੇਡਾ ਦੀ ਸਰਕਾਰ ਦੇ ਵਿਚਕਾਰ ਮੁੱਢਲੀਆਂ ਕੌਮਾਂ ਦੀ ਸੰਧੀ ਅਤੇ ਸ੍ਵੈ-ਸਰਕਾਰ ਦੇ ਸਮਝੌਤੇ, ਅਤੇ ਨਾਲ ਹੀ ਕੈਨੇਡਾ ਦੇ ਉੱਤਰੀ ਇਲਾਕਿਆਂ ਦੀ ਧਰਤੀ ਅਤੇ ਸਾਧਨਾਂ ਦਾ ਪ੍ਰਬੰਧ ਕਰਦੇ ਹਨ।

## ਦੀ ਹਊਸ ਆਫ਼ ਕੋਮਨਜ਼ (The House of Commons)

ਦੀ ਹਊਸ ਆਫ਼ ਕੋਮਨਜ਼ (The House of Commons) ਕੇਂਦਰੀ ਸਰਕਾਰ ਦਾ ਸਥਾਨ ਹੈ ਜੋ ਦੇਸ਼ ਦੀ ਰਾਜਧਾਨੀ ਓਟਵਾ, ਓਂਟੇਰੀਓ ਵਿੱਚ ਸਥਿਤ ਹੈ। ਆਮ ਜਨਤਾ ਲਈ ਟੂਰ ਮਿਲ ਜਾਂਦੇ ਹਨ।

*ਚੁਣੇ ਹੋਏ ਪ੍ਰਤਿਨਿੱਧੀ ਕੌਣ ਹਨ ਅਤੇ ਉਨ੍ਹਾਂ ਨਾਲ ਤੁਸੀਂ ਸੰਪਰਕ ਕਿਸ ਤਰ੍ਹਾਂ ਕਰ ਸਕਦੇ ਹੋ, ਇਹ ਜਾਣਣ ਲਈ ਇਸ ਵੈਬਸਾਈਟ ਤੇ ਜਾਓ:*
*Website: www.parl.gc.ca > Senators & Members > Members of Parliament*

# ਜਾਣਕਾਰੀ ਪ੍ਰਾਪਤ ਕਰਨੀ

# 03





## ਜਦੋਂ ਤੁਸੀਂ ਪਹਿਲੀ ਵਾਰ ਐਡਮੰਟਨ ਆਓ ਤਾਂ ਇਹ ਸਾਧਨ ਤੁਹਾਨੂੰ ਲੋੜੀਦੀਂ ਜਾਣਕਾਰੀ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਨਗੇ।

## ਐਡਮੰਟਨ ਸ਼ਹਿਰ

### ਨਾਗਰਿਕ ਅਤੇ ਨਵ-ਆਗਮਨ ਜਾਣਕਾਰੀ ਕੇਂਦਰ (CITIZEN AND NEW ARRIVAL INFORMATION CENTRE)

ਇਹ ਸਿਟੀ ਹਾਲ ਦੇ ਅੰਦਰ ਦੱਖਣੀ ਪ੍ਰਵੇਸ਼ ਦੁਆਰ ਤੇ ਸਥਿਤ ਹੈ ਜੋ ਕਿ #1 ਚਰਚਲ ਸਕੁਏਰ (#1 Churchill Square) ਦੇ ਸਥਾਨ ਤੇ ਹੈ। ਆਮ ਜਨਤਾ ਲਈ ਇਹ ਸੋਮਵਾਰ ਤੋਂ ਸ਼ੁਕਰਵਾਰ ਤਕ ਸਵੇਰੇ 9:00 ਤੋਂ ਸ਼ਾਮ 5:00 ਵਜੇ ਤਕ ਖੁਲ੍ਹਾ ਰਹਿੰਦਾ ਹੈ। ਜਾਣਕਾਰੀ ਪ੍ਰਾਪਤ ਕਰਨ ਲਈ ਇਹ ਤੁਹਾਡਾ ਸਭ ਤੋਂ ਪਹਿਲਾ ਸਥਾਨ ਸਿੱਧ ਹੋ ਸਕਦਾ ਹੈ ਕਿਉਂਕਿ ਇੱਥੇ ਤੁਸੀਂ: ਸ਼ਹਿਰ ਦੀਆਂ ਸੇਵਾਵਾਂ, ਭਾਈਚਾਰੇ ਦੀਆਂ ਸੇਵਾਵਾਂ, ਸਿਖਿਆ, ਰਿਹਾਇਸ਼, ਪਾਰਕਾਂ ਦੇ ਪ੍ਰੋਗਰਾਮ, ਮਨੋਰੰਜਨ, ਰੀਸਾਈਕਲਿੰਗ (recycling), ਆਬਾਦ ਹੋਣ ਬਾਰੇ (settlement), ਬਜ਼ੁਰਗਾਂ ਲਈ ਸੇਵਾਵਾਂ, ਸ਼ਹਿਰ ਵਿੱਚ ਆਵਾਜਾਈ, ਅਤੇ ਹੋਰ ਬਹੁਤ ਕੁਝ ਬਾਰੇ ਜਾਣ ਸਕਦੇ ਹੋ।

*Website: www.edmonton.ca > Programs & Services > for New Residents > and New Arrival Information Centre*

### ਸ਼ਹਿਰ ਦੀਆਂ ਸੇਵਾਵਾਂ: 311

ਐਡਮੰਟਨ ਸ਼ਹਿਰ ਦੀ ਕਿਸੇ ਵੀ ਸੇਵਾ ਜਾਂ ਪ੍ਰੋਗਰਾਮ ਸੰਬਧੀ ਜਾਣਕਾਰੀ ਲਈ: ਫ਼ੋਨ 311, ਜੋ ਤੁਸੀਂ 24 ਘੰਟੇ ਹਰ ਰੋਜ਼ ਕਰ ਸਕਦੇ ਹੋ। 100 ਤੋਂ ਵੀ ਵੱਧ ਬੋਲੀਆਂ ਲਈ ਅਨੁਵਾਦ ਦੀ ਸਹਾਇਤਾ ਮਿਲ ਸਕਦੀ ਹੈ। ਜੇ ਤੁਸੀਂ ਅੰਗਰੇਜ਼ੀ ਨਹੀਂ ਬੋਲਦੇ ਤਾਂ ਆਪਣੀ ਬੋਲੀ ਦਾ ਨਾਮ ਦਸ ਦਿਓ। 311 ਨੰਬਰ ਤੇ ਸੰਚਾਲਕ (operator) ਤੁਹਾਡੀ ਸਹਾਇਤਾ ਲਈ ਫ਼ੋਨ ਤੇ ਦੁਭਾਸ਼ੀਏ ਨੂੰ ਲੈ ਆਉਣਗੇ।

ਜੇ ਤੁਸੀਂ ਐਡਮੰਟਨ ਤੋਂ ਬਾਹਰ ਹੋ ਤਾਂ 311 ਨੰਬਰ ਦੀ ਸੇਵਾ ਲਈ ਇਸ ਨੰਬਰ ਤੇ 780-442-5311 ਫ਼ੋਨ ਕਰੋ।

ਐਡਮੰਟਨ ਵਿੱਚ ਚਾਹੇ ਤੁਸੀਂ ਕੁਝ ਵੀ ਲੱਭ ਰਹੇ ਹੋਵੋ, ਤਾਂ ਇਹ ਕੁਝ ਥਾਵਾਂ ਹਨ ਜੋ ਤੁਹਾਡੀ ਸਹਾਇਤਾ ਕਰ ਸਕਦੀਆਂ ਹਨ।

### ਸਹਾਇਕ-ਸੰਘ (THE SUPPORT NETWORK): 211

ਤੁਸੀਂ ਦਿਨ ਦੇ 24 ਘੰਟਿਆਂ ਦੇ ਦੌਰਾਨ ਕਿਸੇ ਸਮੇਂ ਵੀ 211 ਨੰਬਰ ਤੇ ਫ਼ੋਨ ਕਰਕੇ ਸਿਹਤ ਅਤੇ ਮਾਨਵੀ ਸੇਵਾਵਾਂ, ਭਾਈਚਾਰਕ ਸਾਧਨ, ਅਤੇ ਸਰਕਾਰੀ ਸਹਾਇਤਾ ਲੈ ਸਕਦੇ ਹੋ, ਜਿਵੇਂ:

- ਮੁੱਢਲੀਆਂ ਜ਼ਰੂਰਤਾਂ (ਰੋਟੀ, ਕਪੜਾ, ਮਕਾਨ ਤੇ ਆਰਥਕ ਸਹਾਇਤਾ),
- ਰੋਜ਼ਗਾਰ ਲਈ ਵਸੀਲੇ,
- ਬਚਿਆਂ ਦੇ ਪਾਲਣ-ਪੋਸਣ ਵਿੱਚ ਸਹਾਇਤਾ
- ਸਲਾਹ-ਮਸ਼ਵਰਾ/ਸਹਾਇਕ ਸੰਸਥਾਵਾਂ, ਅਤੇ
- ਮੁੱਢਲੀਆਂ ਕੌਮਾਂ, ਨਵੇਂ ਵਸਨੀਕ, ਬੱਚੇ, ਜਵਾਨ ਬੱਚੇ ਅਤੇ ਇਸਤ੍ਰੀਆਂ ਲਈ ਸਾਧਨ

> www.edmonton.ca

## ਐਡਮੰਟਨ ਸ਼ਹਿਰ ਦੀ ਵੈਬਸਾਈਟ: www.edmonton.ca

ਐਡਮੰਟਨ ਸ਼ਹਿਰ ਦੇ ਪ੍ਰੋਗਰਾਮਾਂ ਤੇ ਸੇਵਾਵਾਂ ਬਾਰੇ ਜਾਣਕਾਰੀ ਤੁਹਾਨੂੰ ਸ਼ਹਿਰ ਐਡਮੰਟਨ ਦੀ ਵੈਬਸਾਈਟ ਤੇ ਜਾ ਕੇ ਮਿਲ ਸਕਦੀ ਹੈ। ਪ੍ਰੋਗਰਾਮਾਂ ਦੀਆਂ ਤਰੀਕਾਂ ਅਤੇ ਸਮਾਂ-ਸੂਚੀ ਬਾਰੇ ਗਿਆਨ ਤੁਹਾਨੂੰ ਆਪਣੇ ਨਵੇਂ ਭਾਈਚਾਰੇ ਨਾਲ ਮੇਲ-ਜੋਲ ਰੱਖਣ ਵਿੱਚ ਸਹਾਇਤਾ ਕਰੇਗਾ। ਇਹ ਕੁਝ ਸਹਾਇਕ ਸਾਈਟਸ (sites) ਹਨ:

## ਸਿਟੀ ਆਫ਼ ਐਡਮੰਟਨ (ਦੀ ਵੈਬਸਾਈਟ) ਤੇ ਨੌਕਰੀਆਂ

ਨੌਕਰੀਆਂ ਦੀ ਸੂਚੀ, ਔਨਲਾਈਨ (online) ਅਰਜ਼ੀ ਅਤੇ ਸਿਟੀ ਆਫ਼ ਐਡਮੰਟਨ ਦੀ ਵੈਬਸਾਈਟ ਤੇ ਹੋਰ ਤਰੀਕਿਆਂ ਨਾਲ ਨੌਕਰੀਆਂ ਲਈ ਅਰਜ਼ੀ ਦੇਣ ਸੰਬਧੀ ਹਦਾਇਤਾਂ।

*www.edmonton.ca > City Government > Jobs - Talent Hub*

## ਗੁਆਂਢੀਆਂ ਦਾ ਪੰਨਾ

ਐਡਮੰਟਨ ਦੇ ਸਾਰੇ ਆਂਢ-ਗੁਆਂਢ ਦੇ ਵਸਨੀਕਾਂ ਸੰਬਧੀ ਜਾਣਕਾਰੀ ਮਿਲ ਜਾਂਦੀ ਹੈ।

*www.edmonton.ca > Residential & Neighbourhoods*

## ਪਰਸਪਰ ਨਕਸ਼ੇ (Interactive Maps)

ਇਹ ਤੁਹਾਨੂੰ ਆਪਣੇ ਗੁਆਂਢ ਵਿੱਚ ਜਾਂ ਸ਼ਹਿਰ ਵਿੱਚ ਕਿਧਰੇ ਵੀ ਇਹ ਥਾਵਾਂ ਲੱਭਣ ਵਿੱਚ ਸਹਾਇਤਾ ਕਰਦੇ ਹਨ: ਫ਼ਾਇਰ ਸਟੇਸ਼ਨ, ਪੁਲੀਸ ਸਟੇਸ਼ਨ, ਬੱਸ ਸਟਾਪ ਅਤੇ ਨਾਲ ਹੀ ਤਰਨ-ਤਲਾਬ, ਖੇਡ-ਖੇਤਰ (sport fields), ਪਾਰਕ, ਖੇਡ ਦੇ ਮੈਦਾਨ, ਗੋਲਫ ਕੋਰਸ, ਅਤੇ ਫੁਹਾਰੇ ਵਾਲੇ ਪਾਰਕ (spray parks).

*www.edmonton.ca > Residential & Neighbourhoods > Neighbourhood Map*

## ਐਡਮੰਟਨ ਸ਼ਹਿਰ ਦੀ ਵੈਬਸਾਈਟ ਕਿਸ ਤਰ੍ਹਾਂ ਵਰਤੀਏ

ਐਡਮੰਟਨ ਸ਼ਹਿਰ ਦੀ ਵੈਬਸਾਈਟ ਹੈ: www.edmonton.ca. ਬਹੁਤ ਸਾਰੀ ਜ਼ਰੂਰੀ ਜਾਣਕਾਰੀ ਤੁਹਾਨੂੰ ਸਾਡੀ ਇਸ ਵੈਬਸਾਈਟ ਤੋਂ ਮਿਲ ਸਕਦੀ ਹੈ।

ਮੁੱਖ ਪੰਨੇ (home page) ਦੇ ਖੱਬੇ ਪਾਸੇ ਸ਼ਹਿਰ ਦੀਆਂ ਸੇਵਾਵਾਂ ਲਈ ਹੇਠਾਂ ਵਲ ਆਉਣ ਵਾਲੀ ਸੂਚੀ (pull-down list) ਤੇ ਨਜ਼ਰ ਮਾਰੋ।

ਜਾਣਕਾਰੀ ਲਈ ਮੁੱਖ ਪੰਨੇ ਦੇ ਸਭ ਤੋਂ ਉੱਪਰ ਖੋਜ ਖਾਨੇ (search box ) ਦੀ ਵਰਤੋਂ ਕਰੋ।

ਇਸ ਸਫ਼ੇ ਦੇ ਸੱਜੇ ਪਾਸੇ ਤਾਜ਼ਾ ਘਟਨਾਵਾਂ, ਖਬਰਾਂ, ਅਤੇ ਸਮਾਜਕ ਸੰਚਾਰ (social media) ਵਲੋਂ ਦਿਤੀਆਂ ਸੂਚਨਾਵਾਂ ਦੇਖੋ।

ਕਈ ਵਾਰ ਤੁਸੀਂ ਇਸ ਨਵੇਂ ਆਇਆਂ ਲਈ ਰਾਹਨੁਮਾਈ (Newcomer's Guide) ਵਿੱਚ ਇਸ ਵੈਬਸਾਈਟ ਤੇ ਵਿਸ਼ੇਸ਼ ਜਾਣਕਾਰੀ ਲਈ ਹਦਾਇਤਾਂ ਦੇਖੋਗੇ ਜਿਨ੍ਹਾਂ ਨੂੰ ਇਸ ਤਰ੍ਹਾਂ ਦਰਸਾਇਆ ਗਿਆ ਹੈ:

*www.edmonton.ca > Attractions and Events*

---

ਇਹ ਹਦਾਇਤਾਂ ਦਸਣਗੀਆਂ ਕਿ ਇਸ ਵੈਬਸਾਈਟ ਤੇ ਤੁਸੀਂ ਠੀਕ ਸਫ਼ੇ ਤੇ ਕਿਸ ਤਰ੍ਹਾਂ ਜਾਣਾ ਹੈ। ਇਸ ਉਦਾਹਰਣ ਵਿੱਚ, ਤੁਸੀਂ ਵੈਬਸਾਈਟ ਦੇ ਮੁੱਖ ਪੰਨੇ (Home Page) ਤੇ ਜਾਓਗੇ, ਤੇ ਫ਼ਿਰ ਸਫ਼ੇ ਦੇ ਉਪਰਲੇ ਭਾਗ ਦੇ ਨੇੜੇ ਸਲੇਟੀ ਰੰਗੀ ਟੈਬ (tab) ਤੇ ਅਟਰੈਕਸ਼ਨਜ਼ ਐਂਡ ਈਵੈਂਟਸ (Attractions and Events) ਉੱਪਰ ਕਲਿਕ (click) ਕਰੋਗੇ।




ਇਸ ਰਾਹਨੁਮਾਈ (guide) ਵਿੱਚ ਦਰਜ ਸ਼ਹਿਰ ਦੀਆਂ ਸੇਵਾਵਾਂ ਲਈ, ਡਾਇਰੈਕਟ ਲਿੰਕਸ (direct links) ਦੀ ਸੂਚੀ ਵਾਸਤੇ ਇਸ ਵੈਬਸਾਈਟ ਤੇ ਜਾਓ:

*www.edmonton.ca/welcome*

# ਐਡਮੰਟਨ ਪਬਲਿਕ ਲਾਇਬਰੇਰੀ
## Edmonton Public Library (EPL)

ਐਡਮੰਟਨ ਪਬਲਿਕ ਲਾਇਬਰੇਰੀ ਸਾਰੇ ਸ਼ਹਿਰ ਵਿੱਚ ਬਹੁਤ ਥਾਵਾਂ ਤੇ ਹੈ। ਸਾਰੇ ਐਡਮੰਟਨ ਵਾਸੀ ਲਾਇਬਰੇਰੀ ਦੇ ਮੁਫ਼ਤ ਮੈਂਬਰ ਬਣ ਸਕਦੇ ਹਨ। ਲਾਇਬਰੇਰੀਆਂ ਸਮਾਜ ਦਾ ਬਹੁਤ ਮਹਤੱਵ ਪੂਰਨ ਕੇਂਦਰ ਹਨ ਜਿੱਥੇ ਤੁਸੀਂ ਕਿਤਾਬਾਂ, ਮੂਵੀਜ਼ ਜਾਂ ਸੰਗੀਤ ਦੀਆਂ ਡੀ ਵੀ ਡੀ ਲੈ ਸਕਦੇ ਹੋ, ਇੰਟਰਨੈਟ (internet) ਦੀ ਵਰਤੋਂ ਕਰ ਸਕਦੇ ਹੋ, ਅਤੇ ਭਾਈਚਾਰੇ ਦੇ ਪ੍ਰੋਗਰਾਮਾਂ ਵਿੱਚ ਭਾਗ ਲੈ ਸਕਦੇ ਹੋ। ਲਾਇਬਰੇਰੀ ਵਿੱਚ ਸਮਗਰੀ ਬਹੁਤ ਬੋਲੀਆਂ ਵਿੱਚ ਮਿਲ ਸਕਦੀ ਹੈ। ਸਾਰੀਆਂ ਪਬਲਿਕ ਲਾਇਬਰੇਰੀਆਂ ਵਿੱਚ ਆਮ ਜਨਤਾ ਦਾ ਸਵਾਗਤ ਹੈ। ਲਾਇਬਰੇਰੀ ਵਿਚੋਂ ਸਾਮਾਨ ਲੈਣ ਲਈ, ਤੁਹਾਨੂੰ ਲਾਇਬਰੇਰੀ ਦਾ ਮੈਂਬਰ ਬਨਣ ਲਈ ਮੁਫ਼ਤ ਲਾਇਬਰੇਰੀ ਦਾ ਕਾਰਡ ਲੈਣ ਦੀ ਜ਼ਰੂਰਤ ਹੈ। ਇਹ ਕਾਰਡ ਲੈਣ ਲਈ ਤੁਹਾਨੂੰ ਆਪਣਾ ਪਹਿਚਾਨ-ਪਤੱਰ ਦਿਖਾਉਣਾ ਹੋਵੇਗਾ ਜਿਸ ਤੇ ਤੁਹਾਡਾ ਮੌਜੂਦਾ ਘਰ ਦਾ ਪਤਾ ਹੋਵੇ।

### ਲਾਇਬਰੇਰੀ ਦੀਆਂ ਸੇਵਾਵਾਂ ਵਿੱਚ ਸ਼ਾਮਲ ਹੈ:

- ਕੰਮਪਿਊਟਰ ਅਤੇ ਇੰਟਰਨੈਟ (Computer and internet) ਦੀ ਵਰਤੋਂ
- ਡਿਜੀਟਲ ਅਤੇ ਵਾਈ-ਫਾਈ ਕਿਤਾਬਾਂ (Digital and wi-fi books), ਰਸਾਲੇ ਅਤੇ ਹੋਰ ਬਹੁਤ ਕੁਝ
- ਮੂਵੀਜ਼
- ਸੰਗੀਤ
- ਮੁੱਢਲੇ ਵਸਨੀਕਾਂ ਦੇ ਪ੍ਰੋਗਰਾਮ, ਘਟਨਾਵਾਂ ਅਤੇ ਕਿਤਾਬਾਂ
- ਪੁਨਰ-ਵਾਸ ਦੀਆਂ ਸੇਵਾਵਾਂ (settlement services) (ਕੁਝ ਸਥਾਨਾਂ ਤੇ)
- ਅੰਗਰੇਜ਼ੀ ਬੋਲੀ ਸਿੱਖਣ ਲਈ ਪ੍ਰੋਗਰਾਮ
- ਬਹੁਤ ਸਾਰੀਆਂ ਵੱਖ ਵੱਖ ਬੋਲੀਆਂ ਵਿੱਚ ਸਮਗਰੀ (ਕਿਤਾਬਾਂ ਤੇ ਹੋਰ ਪ੍ਰੋਗਰਾਮ)
- ਅਪਾਹਜ ਵਿਅਕਤੀਆਂ (persons with disabilities) ਲਈ ਬਹੁਤ ਪ੍ਰਕਾਰ ਦੀਆਂ ਸਹਾਇਕ ਸੇਵਾਵਾਂ

### ਭਾਈਚਾਰਕ ਲਾਇਬਰੇਰੀ ਪ੍ਰਬੰਧਕ

ਐਡਮੰਟਨ ਪਬਲਿਕ ਲਾਇਬਰੇਰੀਆਂ ਵਿੱਚ ਭਾਈਚਾਰਕ ਲਾਇਬਰੇਰੀ ਪ੍ਰਬੰਧਕ ਮੌਜੂਦ ਹਨ ਜੋ ਤੁਹਾਨੂੰ ਸਭਿਅਕ ਅਤੇ ਕੈਨੇਡਾ ਵਿੱਚ ਨਵੇਂ ਆਏ ਵਸਨੀਕਾਂ ਲਈ ਪ੍ਰੋਗਰਾਮਾਂ ਸੰਬਧੀ ਜਾਣਕਾਰੀ ਅਤੇ ਸਾਧਨਾਂ ਨੂੰ ਲੱਭਣ ਵਿੱਚ ਸਹਾਇਤਾ ਕਰ ਸਕਦੇ ਹਨ।

**Website: www.epl.ca**

### ਲਾਇਬਰੇਰੀ ਵਿੱਚ ਪੁਨਰ-ਵਾਸ ਦੀਆਂ ਸੇਵਾਵਾਂ (Settlement Services)

ਐਡਮੰਟਨ ਪਬਲਿਕ ਲਾਇਬਰੇਰੀ ਦੀਆਂ ਕੁਝ ਸ਼ਾਖਾਂ ਵਿੱਚ ਐਡਮੰਟਨ ਇਮੀਗਰੈਂਟ ਸਰਵਸਿਜ਼ ਐਸੋਸੀਏਸ਼ਨ (Edmonton Immigrant Services Association) ਵਲੋਂ ਭੇਜੇ ਹੋਏ ਆਵਾਸੀ ਪੁਨਰ-ਵਾਸ ਕਰਮਚਾਰੀ (Immigrant Settlement workers) ਮੌਜੂਦ ਹਨ।

*Website: www.eisa-edmonton.org > Services and programs > In-library Settlement Services*

### ਮੁੱਢਲੇ ਵਸਨੀਕਾਂ ਸੰਬਧੀ ਸੇਵਾ ਲਈ ਲਾਇਬਰੇਰੀ ਪ੍ਰਬੰਧਕ

ਐਡਮੰਟਨ ਪਬਲਿਕ ਲਾਇਬਰੇਰੀ ਦੇ ਕਰਮਚਾਰੀਆਂ ਵਿੱਚ ਮੁੱਢਲੇ ਵਸਨੀਕਾਂ ਨਾਲ ਸੰਬਧਤ ਸੇਵਾਵਾਂ ਲਈ ਇਕ ਲਾਇਬਰੇਰੀ ਪ੍ਰਬੰਧਕ ਹੈ ਜੋ ਮੁੱਢਲੇ ਵਸਨੀਕਾਂ ਬਾਰੇ ਲਾਇਬਰੇਰੀ ਵਿੱਚ ਜਮ੍ਹਾ ਕੀਤੀ ਸਮਗਰੀ ਅਤੇ ਪ੍ਰੋਗਰਾਮਾਂ ਦੀ ਜਾਣਕਾਰੀ ਪ੍ਰਦਾਨ ਕਰਦਾ/ਕਰਦੀ ਹੈ।

*Website: www.epl.ca > Interests > Aboriginal Peoples*

### ਐਡਮੰਟਨ ਪਬਲਿਕ ਲਾਇਬਰੇਰੀ ਦੇ ਸਥਾਨ

**ਐਬੋਟਸਫ਼ੀਲਡ-ਪੈਨੀ ਮਕੀਅ (Abbotsfield-Penny McKee)**
3210 – 118 Avenue

**ਕਾਲਡਰ (Calder)**
Kensington Shopping Centre, 12522 – 132 Avenue

**ਕੈਪੀਲੈਨੋ (Capilano)**
201, Capilano Mall, 5004 – 98 Avenue

**ਕੈਸਲਡਊਨਜ਼ (Castle Downs)**
15379 Castle Downs Road

**ਕਲੇਅਰਵੀਉ (Clareview)**
3804 – 139 Avenue

**ਹਾਈਲੈਂਡਜ਼ (Highlands)**
6710 – 118 Avenue

**ਆਈਡਲਵਾਈਲਡ (ਬੋਨੀਡੂਨ) (Idylwylde) (Bonnie Doon)**
8310 – 88 Avenue

**ਜੈਸਪਰ ਪਲੇਸ (Jasper Place)**
9010 – 156 Street

**ਲੋਇਸ ਹੋਲ (Lois Hole)**
17650 – 69 Avenue

**ਲੰਡਨਡੈਰੀ (Londonderry)**
110, Londonderry Mall, 137 Avenue and 66 Street

**ਮਿਲਵੁਡਜ਼ (Mill Woods)**
601, Mill Woods Town Centre, 2331 – 66 Street

**ਰਿਵਰਬੈਂਡ (Riverbend)**
460 Riverbend Square, Rabbit Hill Road, Terwillegar Drive

**ਸਪਰੂਸਵੁਡ (Sprucewood)**
11555 – 95 Street

**ਸਟੈਨਲੀ ਏ ਮਿਲਨਰ (Stanley A. Milner)**
7 Sir Winston Churchill Square

**ਸਟਰੈਥਕੋਨਾ (Strathcona)**
8331 – 104 Street

**ਵਾਈਟਮੱਡ ਕਰੋਸਿੰਗ (Whitemud Crossing)**
45, Whitemud Crossing Shopping Centre, 4211 – 106 Street

**ਵੁਡਕਰੋਫ਼ਟ (Woodcroft)**
13420 – 114 Avenue





# ਐਡਮੰਟਨ ਵਿੱਚ ਆਬਾਦ ਹੋਣਾ

# 04

ਇਹ ਸੰਸਥਾਵਾਂ ਕੈਨੇਡਾ ਵਿੱਚ ਨਵੇਂ ਆਇਆਂ ਨੂੰ ਸਹਾਇਤਾ ਅਤੇ ਆਬਾਦ ਹੋਣ ਸੰਬਧੀ ਸੇਵਾਵਾਂ, ਸਿਖਿਆ ਬਾਰੇ ਪ੍ਰੋਗਰਾਮ, ਦੁਭਾਸ਼ੀ ਸੇਵਾਵਾਂ, ਰੁਜ਼ਗਾਰ ਸੰਬਧੀ ਪ੍ਰੋਗਰਾਮ, ਅਤੇ ਹੋਰ ਕਈ ਪ੍ਰਕਾਰ ਦੀਆਂ ਸਹੂਲਤਾਂ ਪ੍ਰਦਾਨ ਕਰਦੀਆਂ ਹਨ।



### ਨਾਗਰਿਕ ਅਤੇ ਨਵ-ਆਗਮਨ ਜਾਣਕਾਰੀ ਕੇਂਦਰ (CITIZEN AND NEW ARRIVAL INFORMATION CENTRE)

ਇਹ ਸਥਾਨ ਨਵੇਂ ਆਇਆਂ ਲਈ ਜਾਣਕਾਰੀ ਦਾ ਕੇਂਦਰ ਹੈ। ਜੇ ਤੁਸੀਂ ਅੰਗਰੇਜ਼ੀ ਨਹੀਂ ਬੋਲਦੇ ਤਾਂ ਦੁਭਾਸ਼ੀਏ ਦਾ ਪ੍ਰਬੰਧ ਹੋ ਜਾਏਗਾ।

*www.edmonton.ca > For Residents > Resident Programs > New Resident Programs > Citizen and New Arrival Information Centre*

# ਪੁਨਰ-ਵਾਸ ਸੇਵਾਵਾਂ (SETTLEMENT SERVICES)

ਇਹ ਸੇਵਾਵਾਂ ਅੰਗਰੇਜ਼ੀ, ਫ਼ਰਾਂਸੀਸੀ ਅਤੇ ਹੋਰ ਬਹੁਤ ਸਾਰੀਆਂ ਬੋਲੀਆਂ ਵਿੱਚ ਪ੍ਰਦਾਨ ਕੀਤੀਆਂ ਜਾਂਦੀਆਂ ਹਨ।





**ਐਕਸ਼ਨ ਫ਼ਾਰ ਹੈਲਦੀ ਕਮਿਊਨੀਟੀਜ਼ (Action for Healthy Communities)**
ਫ਼ੋਨ: 780-944-4687
ਪਤਾ: #200, 10578 - 113 St. NW
ਵੈਬਸਾਈਟ: *www.a4hc.ca*

**Alliance Jeunesse Famille de l'Alberta Society**
ਫ਼ੋਨ: 780-440-2621
ਪਤਾ: 8925 - 82 Avenue, Bureau 12
ਵੈਬਸਾਈਟ: *www.ajfas.ca*

**ਅਸਿਸਟ ਕਮਿਊਨੀਟੀਜ਼ ਸਰਵਸਿਜ਼ ਸੈਂਟਰ (ਡਾਊਨਟਾਊਨ) (ASSIST Community Services Centre) (Downtown)**
ਫ਼ੋਨ: 780-429-3111
ਪਤਾ: 9649 – 105A Avenue
ਵੈਬਸਾਈਟ: *www.assistcsc.org*

**ਅਸਿਸਟ ਕਮਿਊਨੀਟੀਜ਼ ਸਰਵਸਿਜ਼ ਸੈਂਟਰ (ਸਾਊਥਵੈਸਟ) (ASSIST Community Services Centre) (Southwest)**
ਫ਼ੋਨ: 780-429-3119
ਪਤਾ: Unit 2, 810 Saddleback Road, NW
ਵੈਬਸਾਈਟ: *www.assistcsc.org*

**L'association de tous les francophones de l'Alberta**
ਫ਼ੋਨ: 780-469-4401
ਪਤਾ: 8627 rue Marie-Anne Gaboury, Bureau 30
ਵੈਬਸਾਈਟ: *www.acfa.ab.ca*

**ਕੈਥੋਲਿਕ ਸੋਸ਼ਲ ਸਰਵਸਿਜ਼ (Catholic Social Services)**
ਇਹ ਆਵਾਸੀ ਅਤੇ ਪੁਨਰ-ਵਾਸ ਸੰਬਧੀ ਸੇਵਾਵਾਂ, ਅਤੇ ਇਸਦੇ ਨਾਲ ਹੀ ਆਰਜ਼ੀ ਤੌਰ ਤੇ ਆਏ ਪਰਦੇਸੀ ਕਾਮਿਆਂ ਦੀ ਸਹਾਇਤਾ ਵੀ ਕਰਦੀ ਹੈ।
ਫ਼ੋਨ: 780-424-3545
ਪਤਾ: 10709 – 105 Street
ਵੈਬਸਾਈਟ: *www.cssalberta.ca*

**Centre d'accueil et d'établissement Alberta-Nord**
ਫ਼ੋਨ: 780-669-6004
ਪਤਾ: #108 - 8627 rue Marie-Anne Gaboury
ਵੈਬਸਾਈਟ: *www.lecae.ca*

**ਚੇਜਿੰਗ ਟੁਗੈਦਰ: ਏ ਸੈਂਟਰ ਫ਼ਾਰ ਇਮੀਗ੍ਰੈਂਟ ਵੁਮੈਨ (Changing Together: A Centre for Immigrant Women)**
ਫ਼ੋਨ: 780-421-0175
ਪਤਾ: 9538 – 107 Avenue
ਵੈਬਸਾਈਟ: *www.changingtogether.com*

**ਐਡਮੰਟਨ ਇਮੀਗ੍ਰੈਂਟ ਸਰਵਸਿਜ਼ ਐਸੋਸੀਏਸ਼ਨ (Edmonton Immigrant Services Association)**
ਫ਼ੋਨ: 780-474-8445
ਪਤਾ: Suite #201, 10720 – 113 Street
ਵੈਬਸਾਈਟ: *www.eisa-edmonton.org*

**ਐਡਮੰਟਨ ਮੈਨੋਨਾਈਟ ਸੈਂਟਰ ਫ਼ਾਰ ਨਿਊਕਮਰਜ਼ (Edmonton Mennonite Centre for Newcomers)**
ਫ਼ੋਨ: 780-424-7709
ਪਤਾ: 11713 - 82 Street
ਵੈਬਸਾਈਟ: *www.emcn.ab.ca*

**ਇਮੀਗ੍ਰੇਸ਼ਨ, ਰਿਫ਼ਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (Immigration, Refugees and Citizenship Canada)**
ਇੱਥੇ ਕੈਨੇਡਾ ਵਿੱਚ ਨਾਗਰਿਕਤਾ ਅਤੇ ਆਵਾਸ ਸੰਬਧੀ ਜਾਣਕਾਰੀ, ਅਤੇ ਨਾਲ ਹੀ ਮਿਲਣ ਜਾਣ (visit) ਲਈ ਰਾਹਦਾਰੀ (visa), ਸਿਖਿਆ, ਕੰਮ ਜਾਂ ਕੈਨੇਡਾ ਵਿੱਚ ਆਕੇ ਵੱਸ ਜਾਣ ਲਈ, ਨਾਗਰਿਕਤਾ ਲਈ ਅਰਜ਼ੀਆਂ, ਪੱਕੀ ਰਹਾਇਸ਼ ਲਈ ਕਾਰਡ ਜਾਂ ਸ਼ਰਨਾਰਥੀ ਸੁਰਖਿਆ ਬਾਰੇ ਵੀ ਜਾਣਕਾਰੀ ਮਿਲ ਜਾਂਦੀ ਹੈ।
ਵੈਬਸਾਈਟ: *www.cic.gc.ca*

**ਇਸਲਾਮਿਕ ਫ਼ੈਮਲੀ ਐਂਡ ਸੋਸ਼ਲ ਸਰਵਸਿਜ਼ ਐਸੋਸੀਏਸ਼ਨ (Islamic Family & Social Services Association)**
ਫ਼ੋਨ: 780-430-9220
ਪਤਾ: Suite 85, 4003 - 98 Street
ਵੈਬਸਾਈਟ: *www.ifssa.ca*

**ਮਲਟੀਕਲਚਰਲ ਹੈਲਥ ਬਰੋਕਰਜ਼ ਕੋ-ਆਪ (Multicultural Health Brokers Co-op)**
ਫ਼ੋਨ: 780-423-1973
ਪਤਾ: 9538 – 107 Avenue
ਵੈਬਸਾਈਟ: *www.mchb.org*

**ਟੈਮਪਰੇਰੀ ਫ਼ੌਰਨ ਵਰਕਰਜ਼ ਐਡਵਾਈਜ਼ਰੀ ਔਫ਼ਿਸ (Temporary Foreign Workers Advisory Office)**
ਆਰਜ਼ੀ ਤੌਰ ਤੇ ਆਏ ਪਰਦੇਸੀ ਕਾਮਿਆਂ ਦੀ ਸਹਾਇਤਾ ਲਈ ਇਹ ਦਫ਼ਤਰ ਹੈ, ਜਿੱਥੇ ਉਹ ਆਪਣੇ ਹੱਕਾਂ ਅਤੇ ਜ਼ੁੰਮੇਵਾਰੀਆਂ ਬਾਰੇ ਹੋਰ ਜਾਣਕਾਰੀ ਲੈ ਸਕਦੇ ਹਨ। ਜੇ ਤੁਸੀਂ ਕੁਝ ਪੁੱਛਣਾ ਹੋਵੇ ਜਾਂ ਤੁਹਾਡੇ ਕੋਈ ਮਸਲੇ ਹੋਣ ਤਾਂ ਉਨ੍ਹਾਂ ਦਾ ਹੱਲ ਲੱਭਣ ਵਿੱਚ ਵੀ ਇਹ ਤੁਹਾਡੀ ਮਦੱਦ ਕਰ ਸਕਦੇ ਹਨ। ਇਹ ਐਡਵਾਈਜ਼ਰੀ ਦਫ਼ਤਰ ਤੁਹਾਡੀ ਫ਼ਾਰਮ ਭਰਨ ਵਿੱਚ, ਅਨੁਵਾਦ ਲਈ ਸੇਵਾ ਵਾਸਤੇ, ਸ਼ਕਾਇਤਾਂ ਕਰਨ, ਅਤੇ ਸਹਾਇਕ ਸਾਧਨ ਲੱਭਣ ਵਿੱਚ ਮਦੱਦ ਕਰ ਸਕਦਾ ਹੈ।
ਫ਼ੋਨ: 780-644-2584

**ਟੈਮਪਰੇਰੀ ਫ਼ੌਰਨ ਵਰਕਰ ਦੀ ਸਹਾਇਤਾ ਲਈ ਫ਼ੋਨ (Temporary Foreign Worker Help Line)**
ਫ਼ੋਨ: ~~1-877-944-9955~~
ਪਤਾ: 2nd Floor, 10242 – 105 St.
Email: tfwadvisory.office@gov.ab.ca

**ਵੈਲਕਮ ਸੈਂਟਰ ਫ਼ਾਰ ਇਮੀਗ੍ਰੈਂਟਸ (Welcome Centre for Immigrants)**
ਫ਼ੋਨ: 780-462-6924
ਪਤਾ: #200, Tower 2, 3699 Millwoods Road
ਵੈਬਸਾਈਟ: *www.wciedmonton.*

# ਅਣਲਿਖਤ ਤਰਜਮਾਨੀ ਅਤੇ ਲਿਖਤੀ ਅਨੁਵਾਦ ਦੀਆਂ ਸੇਵਾਵਾਂ
## (INTERPRETING AND TRANSLATING SERVICES)

**ਐਸੋਸੀਏਸ਼ਨ ਆਫ਼ ਟਰਾਂਸਲੇਟਰਜ਼ ਐਂਡ ਇਨਟਰਪਰੈਟਰਜ਼ ਆਫ਼ ਅਲਬਰਟਾ (Association of Translators and Interpreters of Alberta)**

ਫ਼ੋਨ: 780-434-8384
ਮੁਫ਼ਤ ਫ਼ੋਨ: 1-888-434-2842
ਵੈਬਸਾਈਟ: *www.atia.ab.ca*

**ਐਡਮੰਟਨ ਇਮੀਗ੍ਰੈਂਟ ਸਰਵਿਸਿਜ਼ ਐਸੋਸੀਏਸ਼ਨ (Edmonton Immigrant Services Association) (EISA)**

ਫ਼ੋਨ: 780-474-8445
ਪਤਾ: 201, 10720 - 113 Street
ਵੈਬਸਾਈਟ: *www.eisa-edmonton.org*

**ਦੀ ਫ਼ੈਮਲੀ ਸੈਂਟਰ (The Family Centre)**

ਸੈਂਟਰਲਾਈਜ਼ਡ ਇਨਟਰਪਰੈਟਰ ਸਰਵਿਸਿਜ਼ (Centralized Interpreter Services) (CIS)
ਫ਼ੋਨ: 780-448 -2627
ਪਤਾ: 20, 9912 – 106 St.
ਵੈਬਸਾਈਟ: *www.the-family-centre.com*

**ਮਲਟੀਕਲਚਰਲ ਵੂਮੈਨ ਐਂਡ ਸੀਨੀਅਰਜ਼ ਸਰਵਿਸਿਜ਼ ਐਸੋਸੀਏਸ਼ਨ (Multicultural Women and Seniors Services Association)**

ਬੰਗਾਲੀ, ਹਿੰਦੀ, ਪੰਜਾਬੀ ਅਤੇ ਉਰਦੂ ਵਿੱਚ ਅਨੁਵਾਦ ਦੀਆਂ ਸੇਵਾਵਾਂ
ਫ਼ੋਨ: 780-465-2992
ਵੈਬਸਾਈਟ: *www.mwssa.org*



# ਪੁਨਰ-ਵਾਸ ਸੇਵਾਵਾਂ ਸੰਬਧੀ ਹੋਰ ਜਾਣਕਾਰੀ ਲਈ

**ਐਡਮੰਟਨ ਸੋਸ਼ਲ ਐਟਲਸ ਐਟ ਮੈਪਸ ਅਲਬਰਟਾ ਕੈਪੀਟਲ ਰੀਜਨ (Edmonton Social Atlas at MAPS Alberta Capital Region)**

ਇਸ ਸਾਈਟ ਤੇ ਨਵੇਂ ਆਇਆਂ ਲਈ ਸਾਧਨਾਂ ਦੇ ਨਕਸ਼ੇ ਅਤੇ ਸੂਚੀਆਂ ਹੋਰ ਵਧੇਰੇ ਵਿਸਥਾਰ ਵਿੱਚ ਮਿਲ ਜਾਂਦੀਆਂ ਹਨ।

ਵੈਬਸਾਈਟ: *www.mapsab.ca > Social Atlases > City of Edmonton Social Atlas > Section 5 > Newcomers*

**211 ਐਡਮੰਟਨ (Edmonton)**

ਇਸ ਸਾਈਟ ਤੇ ਨਵੇਂ ਆਇਆਂ ਲਈ ਸਾਧਨਾਂ ਦੀਆਂ ਸੂਚੀਆਂ ਹੋਰ ਵਧੇਰੇ ਵਿਸਥਾਰ ਵਿੱਚ ਮਿਲ ਜਾਂਦੀਆਂ ਹਨ।

ਫ਼ੋਨ: 211

ਵੈਬਸਾਈਟ: *www.211edmonton.com > 211 resources and directories > resource list for newcomers to Canada*

# ਐਡਮੰਟਨ ਵਿੱਚ ਚੱਲਣਾ-ਫਿਰਨਾ

# 05






## ਗਲੀਆਂ ਤੇ ਮਾਰਗ (STREETS AND AVENUES)

ਐਡਮੰਟਨ ਵਿੱਚ ਬਹੁਤ ਸਾਰੀਆਂ ਸੜਕਾਂ ਨੂੰ ਨੰਬਰ ਦਿੱਤੇ ਗਏ ਹਨ। ਮਾਰਗ (Avenues) ਪੂਰਬ ਤੇ ਪੱਛਮ ਵਲ ਜਾਂਦੇ ਹਨ ਜਦ ਕਿ ਗਲੀਆਂ ਉੱਤਰ ਤੇ ਦੱਖਣ ਵਲ ਜਾਂਦੀਆਂ ਹਨ। ਪਤਾ ਦੇਖਣ ਤੋਂ ਬਾਦ ਤੁਸੀਂ ਜਾਣ ਜਾਓਗੇ ਕਿ ਕਿੱਥੇ ਜਾ ਕੇ ਲੱਭਣਾ ਹੈ, ਜਿਵੇਂ 6812 – 101 ਮਾਰਗ (Avenue) 68 ਗਲੀ ਤੇ ਹੈ (ਇਹ ਦਿੱਤੇ ਹੋਏ ਪਤੇ ਵਿੱਚ ਪਹਿਲੇ ਦੋ ਨੰਬਰ ਹਨ) ਅਤੇ 101 ਮਾਰਗ (Avenue) ਤੇ ਹੈ।

ਨਵੇਂ ਬਣੇ ਇਲਾਕਿਆਂ ਵਿੱਚ ਸੜਕਾਂ ਨੂੰ ਨਾਮ ਦਿੱਤੇ ਗਏ ਹਨ। ਅਜਿਹੇ ਇਲਾਕਿਆਂ ਵਾਸਤੇ ਐਡਮੰਟਨ ਦੀਆਂ ਗਲੀਆਂ ਦਾ ਨਕਸ਼ਾ (Edmonton street map) ਸਹਾਇਤਾ ਕਰ ਸਕਦਾ ਹੈ। ਤੁਸੀਂ ਇਹ ਨਕਸ਼ਾ ਗੈਸ ਸਟੇਸ਼ਨ ਜਾਂ ਸਹੂਲਤੀ ਸਟੋਰ (convenience store) ਤੋਂ ਖਰੀਦ ਸਕਦੇ ਹੋ। ਇੰਟਰਨੈਟ (internet) ਤੇ ਵੀ ਇਹ ਨਕਸ਼ਾ ਮਿਲ ਸਕਦਾ ਹੈ। ਓਨਲਾਈਨ ਨਕਸ਼ੇ (Online maps) ਜਿਵੇਂ ਗੂਗਲ ਨਕਸ਼ੇ (Google maps) ਤੁਹਾਨੂੰ ਨਾ ਕੇਵਲ ਥਾਂ ਲੱਭਣ ਵਿੱਚ ਸਹਾਇਤਾ ਕਰ ਸਕਦੇ ਹਨ ਸਗੋਂ ਇਕ ਥਾਂ ਤੋਂ ਦੂਜੀ ਥਾਂ ਤੇ ਜਾਣ ਲਈ ਰਸਤਾ ਵੀ ਦਸ ਸਕਦੇ ਹਨ।

ਵੈਬਸਾਈਟ: *www.googlemaps.com*

## ਜਨਤਕ ਆਵਾਜਾਈ (PUBLIC TRANSIT)

ਐਡਮੰਟਨ ਸ਼ਹਿਰ ਵਿੱਚ ਬਸਾਂ ਤੇ ਨਗਰ ਗਡੀਆਂ ਤੁਹਾਨੂੰ ਸ਼ਹਿਰ ਵਿੱਚ ਇੱਧਰ-ਉੱਧਰ ਲੈ ਕੇ ਜਾ ਸਕਦੀਆਂ ਹਨ। ਐਡਮੰਟਨ ਟਰਾਂਜ਼ਿਟ ਸਰਵਿਸ (Edmonton Transit Service (ETS) ਦੀਆਂ ਬਸਾਂ ਸ਼ਹਿਰ ਦੇ ਬਹੁਤ ਸਾਰੇ ਇਲਾਕਿਆਂ ਵਿੱਚ ਚਲਦੀਆਂ ਹਨ ਅਤੇ ਜੋ ਇਲਾਕੇ ਸ਼ਹਿਰ ਤੋਂ ਦੂਰ ਹਨ, ਉਨ੍ਹਾਂ ਨਾਲ ਵੀ ਜੋੜਦੀਆਂ ਹਨ ਜਿਵੇਂ ਸਾਡੇ ਗੁਆਂਢੀ ਸੇਂਟ ਐਲਬਰਟ ਜਾਂ ਸ਼ੇਰਵੂਡ ਪਾਰਕ।

ਨਗਰ ਰੇਲ ਗਡੀਆਂ (light rail transit (LRT) ਦੀਆਂ ਦੋ ਲਾਈਨਾਂ ਹਨ ਜੋ ਸ਼ਹਿਰ ਵਿੱਚ ਉੱਤਰ/ ਦੱਖਣ ਵਲ ਚਲਦੀਆਂ ਹਨ। ਕੈਪੀਟਲ ਲਾਈਨ ਕਲੇਅਰਵੀਊ ਸਟੇਸ਼ਨ (48 Street ਤੇ 139 Avenue) ਤੋਂ ਸੈਂਚਰੀ ਪਾਰਕ ਸਟੇਸ਼ਨ (111 Street ਤੇ 23 Avenue) ਤਕ ਚਲਦੀ ਹੈ। ਮੈਟਰੋ ਲਾਈਨ ਨੇਟ (NAIT) (1 Kingsway Avenue ਤੇ 105 Street) ਤੋਂ ਸੈਂਚਰੀ ਪਾਰਕ ਸਟੇਸ਼ਨ ਤਕ ਦਿਨ ਦੇ ਬਹੁਤ ਵਿਅਸਤ ਸਮੇਂ (peak hours) ਦੇ ਦੌਰਾਨ ਚਲਦੀ ਹੈ ਅਤੇ ਹੈਲਥ ਸਾਇੰਸਿਜ਼/ਜੁਬਲੀ ਸਟੇਸ਼ਨ (114 Street ਤੇ 83 Avenue) ਤਕ ਜਦੋਂ ਵਿਅਸਤ ਸਮਾਂ ਨਹੀਂ (non-peak hours) ਹੁੰਦਾ।

ਸਫ਼ਰ ਲਈ ਕਿਰਾਏ, ਸਮਾਂ-ਸੂਚੀ, ਰਸਤੇ ਜਾਂ ਜਨਤਕ ਆਵਾਜਾਈ (public transit) ਵਿੱਚ ਸਫਰ ਕਰਨ ਸੰਬਧੀ ਜਾਨਣ ਲਈ 311 ਨੰਬਰ ਤੇ ਫ਼ੋਨ ਕਰੋ ਤੇ ਫ਼ਿਰ ਆਵਾਜਾਈ ਸੂਚਨਾ (transit information) ਲਈ ਨੰਬਰ 1 ਦਬਾਓ ਜਾਂ ਵੈਬਸਾਈਟ *www.takeets.com.* ਤੇ ਜਾਓ।

## ਆਵਾਜਾਈ ਦਾ ਕਿਰਾਇਆ

ਤੁਸੀਂ ਜਨਤਕ ਆਵਾਜਾਈ (Public Transit) ਵਿੱਚ ਆਪਣੀ ਜ਼ਰੂਰਤ ਅਨੁਸਾਰ ਨਕਦ ਪੈਸੇ ਦੇਕੇ, ਬਸ ਟਿਕਟਾਂ ਲੈ ਕੇ ਜਾਂ ਬਸ ਪਾਸ ਖਰੀਦ ਕੇ ਸਫ਼ਰ ਕਰ ਸਕਦੇ ਹੋ। ਈ ਟੀ ਐਸ (ETS) ਦੇ ਇਕ ਵਿਅਕਤੀ ਦੇ ਕਿਰਾਏ (ਜੋ ਨਕਦ ਜਾਂ ਬਸ ਟਿਕਟ ਦੇ ਰੂਪ ਵਿੱਚ ਖਰੀਦਿਆ ਹੋਵੇ) ਨਾਲ ਤੁਸੀਂ ਡੇਢ ਘੰਟੇ ਦੇ ਅੰਦਰ ਅੰਦਰ ਕਈ ਬਸਾਂ ਜਾਂ ਗਡੀਆਂ ਵਿੱਚ ਸਫ਼ਰ ਕਰ ਸਕਦੇ ਹੋ। ਇਸੇ ਸਮੇਂ ਦੇ ਦੌਰਾਨ ਜੇ ਤੁਹਾਨੂੰ ਇਕ ਤੋਂ ਵੱਧ ਬਸਾਂ ਵਿੱਚ ਸਫ਼ਰ ਕਰਨਾ ਹੋਵੇ ਜਾਂ ਬਸ ਬਦਲ ਕੇ ਨਗਰ-ਗੱਡੀ (LRT train) ਵਿੱਚ ਜਾਣਾ ਪਵੇ ਤਾਂ ਤੁਸੀਂ ਚਾਲਕ (driver) ਤੋਂ ਬਸ-ਬਦਲੀ ਟਿਕਟ (transfer) ਲਈ ਬੇਨਤੀ ਕਰ ਸਕਦੇ ਹੋ।

## ਮਾਹਵਾਰੀ ਆਵਾਜਾਈ (ਬਸ ਅਤੇ ਨਗਰ ਗੱਡੀ) ਆਗਿਆ-ਪੱਤਰ (PASSES)

ਮਾਹਵਾਰੀ ਆਗਿਆ-ਪੱਤਰ **(passes)** ਅਤੇ ਟਿਕਟਾਂ (ਇਕੱਠੀਆਂ) ਖਰੀਦੀਆਂ ਜਾ ਸਕਦੀਆਂ ਹਨ, ਬਾਲਗ ਵਿਅਕਤੀਆਂ ਲਈ ਅਤੇ ਉਹ ਜਿਨ੍ਹਾਂ ਦੀ ਆਮਦਨ ਘੱਟ ਹੈ ਜਾਂ ਜੋ ਅਪਾਹਜ ਹਨ, ਘੱਟ ਕੀਮਤ ਤੇ ਸਾਲਾਨਾ ਆਗਿਆ-ਪੱਤਰ **(passes)** ਲੈ ਸਕਦੇ ਹਨ। ਇਸ ਸੰਬਧੀ ਵਿਸਥਾਰ ਵਿੱਚ ਜਾਨਣ ਲਈ ਅਤੇ ਮੌਜੂਦਾ ਕਿਰਾਇਆਂ ਬਾਰੇ ਈ ਟੀ ਐਸ **(ETS)** ਦੀ ਵੈਬਸਾਈਟ ਤੇ ਜਾਓ।

ਵੈਬਸਾਈਟ: *www.takeets.com*

ਜੇ ਤੁਸੀਂ ਨਗਰ ਗੱਡੀ **(LRT)** ਵਿੱਚ ਸਫਰ ਕਰਦੇ ਹੋ ਤਾਂ ਇਹ ਜ਼ਰੂਰੀ ਹੈ ਕਿ ਤੁਹਾਡੇ ਕੋਲ ਹਰ ਸਮੇਂ ਮਹਾਵਾਰੀ ਬਸ ਆਗਿਆ-ਪੱਤਰ **(pass)**, ਬਸ ਟਿਕਟ, ਜਾਂ ਯੋਗ ਬਸ-ਬਦਲੀ ਟਿਕਟ **(valid transfer)** ਹੋਵੇ। ਇਹ ਜ਼ਰੂਰੀ ਹੈ ਕਿ ਬਸ ਟਿਕਟ ਨੂੰ ਸ਼ੋਖ ਸੰਤਰੀ ਰੰਗ ਦੇ ਟਿਕਟ ਵੈਲੀਡੇਟਰਜ਼ **(ticket validators)** ਤੇ ਪੰਚ ਕੀਤਾ ਜਾਏ ਜੋ ਐਲ ਆਰ ਟੀ **(LRT)** ਸਟੇਸ਼ਨ ਤੇ ਪਰੂਫ ਆਫ਼ ਪੇਮੈਂਟ **(proof of payment)** ਦੇ ਪ੍ਰਵੇਸ਼ ਦੁਆਰ ਤੇ ਸਥਿਤ ਹੈ। ਈ ਟੀ ਐਸ **(ETS)** ਦੀ ਵੈਬਸਾਈਟ ਤੇ, ਬਸਾਂ **(ETS)** ਤੇ ਨਗਰ ਗਡੀਆਂ **(LRT)** ਵਿੱਚ ਸਫ਼ਰ ਕਰਨ ਲਈ ਵਿਉਂਤ **(plan)** ਬਨਾਉਣ ਸੰਬਧੀ ਤੁਹਾਡੇ ਲਈ ਬੜੇ ਲਾਭਦਾਇਕ ਢੰਗ ਦਸੇ ਗਏ ਹਨ। ਆਪਣੀਆਂ ਇਲੈਕਟਰੋਨਿਕ ਡੀਵਾਈਸਿਜ਼ **(electronic devices)** ਲਈ ਤੁਸੀਂ ਈ ਟੀ ਐਸ ਐਪਸ **(ETS apps)** ਨੂੰ ਡਊਨਲੋਡ **(download)** ਵੀ ਕਰ ਸਕਦੇ ਹੋ।

## ਬਸ ਕੜੀ (BUS LINK)

ਹਰ ਬਸ ਸਟਾਪ ਅਤੇ ਐਲ ਆਰ ਟੀ **(LRT)** ਸਟੇਸ਼ਨ ਦਾ ਇਕ ਨੰਬਰ ਹੈ ਜੋ ਬਸ ਸਟਾਪ ਸੂਚਕ ਪਤਰੇ **(bus stop sign)** ਤੇ ਦਰਜ ਹੁੰਦਾ ਹੈ। ਵੈਬਸਾਈਟ ਤੇ ਵੀ ਤੁਸੀਂ ਇਸ ਨੂੰ ਦੇਖ ਸਕਦੇ ਹੋ। ਜੇ ਤੁਸੀਂ ਬਸਲਿੰਕ **(Buslink)** ਨੂੰ ਫ਼ੋਨ ਕਰਕੇ ਇਹ ਸਟਾਪ ਨੰਬਰ ਭਰ **(punch)** ਦਿਓ ਤਾਂ ਤੁਹਾਨੂੰ ਬਸਾਂ ਦੇ ਆਉਣ ਦੇ ਸਮੇਂ ਦਾ ਪਤਾ ਲਗ ਜਾਏਗਾ।

ਫ਼ੋਨ: **780-496-1600**

## ਅਪਾਹਜ ਬਾਲਗ ਵਿਅਕਤੀਆਂ ਲਈ ਆਵਾਜਾਈ ਸੇਵਾ (DISABLED ADULT TRANSPORTATION SERVICE (DATS)

ਡੈਟਸ **(DATS)** ਦੀਆਂ ਬਸਾਂ ਉਨ੍ਹਾਂ ਵਿਅਕਤੀਆਂ ਲਈ ਹਨ ਜਿਨ੍ਹਾਂ ਲਈ ਚਲਣਾ ਫ਼ਿਰਨਾ ਮੁਸ਼ਕਲ ਹੈ। ਜੇ ਤੁਹਾਨੂੰ ਚਲਣ-ਫ਼ਿਰਨ ਲਈ ਵ੍ਹੀਲਚੇਅਰ **(wheelchair)** ਜਾਂ ਵਾਕਰ **(walker)** ਦੀ ਜ਼ਰੂਰਤ ਪੈਂਦੀ ਹੈ ਤਾਂ ਤੁਸੀਂ ਡੈਟਸ **(DATS )** ਬਸ ਦਾ ਪ੍ਰਬੰਧ ਕਰ ਸਕਦੇ ਹੋ ਜੋ ਤੁਹਾਨੂੰ ਆ ਕੇ ਲੈ ਜਾਏ ਅਤੇ ਜਿੱਥੇ ਵੀ ਤੁਸੀਂ ਜਾਣਾ ਹੋਵੇ ਉੱਥੇ ਪਹੁੰਚਾ ਦੇਵੇ ਤੇ ਫ਼ਿਰ ਵਾਪਸ ਵੀ ਛੱਡ ਜਾਏ। ਇਸ ਸੇਵਾ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਆਪਣਾ ਨਾਮ ਪਹਿਲਾਂ ਦਰਜ ਕਰਵਾਓ। ਡੈਟਸ ਬਸਾਂ ਐਡਮੰਟਨ ਟਰਾਂਜ਼ਿਟ ਸਰਵਿਸ **(Edmonton Transit Service (ETS)** ਵਲੋਂ ਚਲਾਈਆਂ ਜਾਂਦੀਆਂ ਹਨ।

ਫ਼ੋਨ: **780-496-4567**

ਵੈਬਸਾਈਟ: **www.edmonton.ca>Transportation > ETS (Edmonton Transit System) > DATS**





# ਐਡਮੰਟਨ ਵਿੱਚ ਮੋਟਰ-ਗੱਡੀ ਚਲਾਉਣਾ



## ਐਡਮੰਟਨ ਵਿੱਚ ਮੋਟਰ-ਗੱਡੀ ਚਲਾਉਣ ਲਈ ਤੁਹਾਡੇ ਕੋਲ ਕੀ ਕੁਝ ਹੋਣਾ ਜ਼ਰੂਰੀ ਹੈ

ਕਾਰ, ਟਰੱਕ, ਜਾਂ ਕੋਈ ਹੋਰ ਮੋਟਰ-ਗੱਡੀ ਚਲਾਉਣ ਲਈ ਤੁਹਾਡੇ ਕੋਲ ਇਹ ਕੁਝ ਹੋਣਾ ਜ਼ਰੂਰੀ ਹੈ:

- ਯੋਗ ਚਾਲਕ ਲਾਈਸੈਂਸ (driver's license),
- ਮੋਟਰ-ਗੱਡੀ ਦਾ ਬੀਮਾ (vehicle insurance), ਅਤੇ
- ਮੋਟਰ-ਗੱਡੀ ਦਾ ਦਾਖਲਾ-ਪੱਤਰ (vehicle registration)

ਜਦੋਂ ਤੁਸੀਂ ਮੋਟਰ-ਗੱਡੀ ਚਲਾ ਰਹੇ ਹੋਵੋ ਤਾਂ ਇਹ ਸਭ ਪੱਤਰ ਤੁਹਾਡੇ ਕੋਲ ਹੋਣੇ ਬਹੁਤ ਜ਼ਰੂਰੀ ਹਨ।

## ਅਲਬਰਟਾ ਚਾਲਕ ਆਗਿਆ ਪੱਤਰ (ਡਰਾਈਵਰ ਲਾਈਸੈਂਸ) (ALBERTA OPERATOR'S PERMIT (DRIVER'S LICENSE)

ਡਰਾਈਵਰ ਲਾਈਸੈਂਸ ਵੱਖ ਵੱਖ ਸ਼੍ਰੇਣੀਆਂ ਦੇ ਹਨ, ਅਤੇ ਇਹ ਮੋਟਰ-ਗੱਡੀ ਦੀ ਕਿਸਮ ਅਤੇ/ਜਾਂ ਤੁਹਾਡੇ ਚਲਾਉਣ ਦੇ ਉਦੇਸ਼ ਤੇ ਨਿਰਭਰ ਕਰਦਾ ਹੈ। ਜੇ ਤੁਸੀਂ ਟੈਕਸੀ, ਮੁਸਾਫ਼ਰੀ ਵੈਨ (passenger van) ਜਾਂ ਰੁਜ਼ਗਾਰ ਲਈ ਸੰਕਟ-ਕਾਲ ਦੀ ਮੋਟਰ-ਗੱਡੀ (emergency vehicle) ਚਲਾਉਣਾ ਚਹੁੰਦੇ ਹੋ ਤਾਂ ਤੁਹਾਨੂੰ ਵੱਖਰੀ ਸ਼੍ਰੇਣੀ ਦੇ ਲਾਈਸੈਂਸ ਦੀ ਜ਼ਰੂਰਤ ਹੈ ਜੋ ਤੁਹਾਡੇ ਨਿਜੀ ਮੋਟਰ-ਗੱਡੀ ਚਲਾਉਣ ਵਾਲੇ ਲਾਈਸੈਂਸ ਤੋਂ ਭਿੰਨ ਹੈ। ਨਵੇਂ ਆਏ ਵਿਅਕਤੀ 90 ਦਿਨਾਂ ਦੇ ਅੰਦਰ ਆਪਣੇ ਪਹਿਲੇ ਡਰਾਈਵਰ ਲਾਈਸੈਂਸ ਨੂੰ ਅਲਬਰਟਾ ਲਾਈਸੈਂਸ ਵਿੱਚ ਬਦਲ ਸਕਦੇ ਹਨ। ਡਰਾਈਵਰ ਲਾਈਸੈਂਸ ਲੈਣ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਰਜਿਸਟਰੀ ਸੈਂਟਰ (registry centre) ਜਾਓ। ਇਨ੍ਹਾਂ ਦੀ ਸੂਚੀ ਟੈਲੀਫ਼ੋਨ ਦੀ ਕਿਤਾਬ ਦੇ ਯੈਲੋ ਪੇਜਜ਼ (Yellow Pages – ਪੀਲੇ ਸਫ਼ੇ) ਵਿੱਚ ਲਾਈਸੈਂਸ ਐਂਡ ਰਜਿਸਟਰੀ ਸਰਵਿਸਿਜ਼ (License and Registry Services) ਦੇ ਹੇਠਾਂ ਦਰਜ ਹੈ। ਰਜਿਸਟਰੀਜ਼ ਦੀ ਸੂਚੀ ਲਈ ਸੰਪਰਕ ਕਰੋ:

**ਸਰਵਿਸ ਅਲਬਰਟਾ (Service Alberta)**

ਫ਼ੋਨ: 780-310-0000 **(ਅਲਬਰਟਾ ਵਿੱਚ ਕਿਸੇ ਥਾਂ ਤੋਂ ਵੀ ਮੁਫ਼ਤ ਕਰ ਸਕਦੇ ਹੋ)**, 780-427-2711 **(ਅਲਬਰਟਾ ਤੋਂ ਬਾਹਰ)**

ਵੈਬਸਾਈਟ: *www.servicealberta.ca > Drivers/ Vehicles > Driver's Licence*

## ਮੋਟਰ-ਗੱਡੀ ਦਾ ਬੀਮਾ (VEHICLE INSURANCE)

ਮੋਟਰ ਗਡੀਆਂ ਦਾ ਬੀਮਾ ਵੱਖ ਵੱਖ ਕਿਸਮਾਂ ਦਾ ਹੈ, ਤੇ ਇਹ ਇਸ ਗਲ ਤੇ ਨਿਰਭਰ ਕਰਦਾ ਹੈ ਕਿ ਮੋਟਰ-ਗੱਡੀ ਨਿਜੀ ਵਰਤੋਂ ਲਈ ਹੈ, ਸੇਵਾ ਲਈ ਹੈ ਜਾਂ ਕਾਰ-ਵਿਹਾਰ ਵਾਸਤੇ ਵਰਤੀ ਜਾਣੀ ਹੈ। ਆਪਣੀ ਬੀਮਾ ਕੰਪਨੀ ਨੂੰ ਪੁੱਛੋ ਕਿ ਤੁਹਾਨੂੰ ਕਿਸ ਕਿਸਮ ਦਾ ਬੀਮਾ ਚਾਹੀਦਾ ਹੈ। ਅਲਬਰਟਾ ਵਿੱਚ ਬੀਮਾ ਦੇਣ ਵਾਲੇ ਬਹੁਤ ਹਨ ਜਿਨ੍ਹਾਂ ਵਿੱਚ ਸ਼ਾਮਲ ਹਨ ਅਲਬਰਟਾ ਮੋਟਰ ਐਸੋਸੀਏਸ਼ਨ (Alberta Motor Association (AMA), ਬੈਂਕ, ਕਰੈਡਿਟ ਯੂਨੀਅਨਜ਼ (credit unions), ਅਤੇ ਨਿਜੀ ਬੀਮਾ ਕੰਪਨੀਆਂ। ਬੀਮਾ ਕੰਪਨੀਆਂ ਦੀ ਸੂਚੀ ਲਈ ਇਸ ਵੈਬਸਾਈਟ ਤੇ ਜਾਓ:

ਵੈਬਸਾਈਟ: *www.airb.alberta.ca > For Drivers > Insurance Providers*

## ਅਲਬਰਟਾ ਵਿੱਚ ਮੋਟਰ-ਗੱਡੀ ਦਰਜ ਕਰਵਾਉਣਾ (ALBERTA VEHICLE REGISTRATION)

ਆਪਣੀ ਮੋਟਰ-ਗੱਡੀ ਦਾ ਬੀਮਾ ਕਰਵਾਉਣ ਲਈ ਇਹ ਜ਼ਰੂਰੀ ਹੈ ਕਿ ਤੁਹਾਡੇ ਕੋਲ ਚਾਲਕ ਲਾਈਸੈਂਸ (driver's license) ਹੋਵੇ, ਅਤੇ ਮੋਟਰ-ਗੱਡੀ ਨੂੰ ਦਰਜ ਕਰਵਾਉਣ ਲਈ ਉਸਦਾ ਬੀਮਾ ਤੁਹਾਡੇ ਪਾਸ ਹੋਣਾ ਜ਼ਰੂਰੀ ਹੈ। ਨਵੇਂ ਵਸਨੀਕਾਂ ਕੋਲ ਆਪਣੀ ਦੂਜੇ ਪ੍ਰਾਂਤ ਤੋਂ ਲਿਆਂਦੀ ਗੈਰ-ਕਾਰ-ਵਿਹਾਰੀ (non-commercial vehicles) ਮੋਟਰ-ਗੱਡੀ ਨੂੰ ਦਰਜ ਕਰਵਾਉਣ ਲਈ 90 ਦਿਨਾਂ ਤਕ ਦੀ ਮੁਹਲਤ ਹੈ।

ਤੁਸੀਂ ਆਪਣੀ ਮੋਟਰ-ਗੱਡੀ ਕਿਸੇ ਵੀ ਅਲਬਰਟਾ ਰਜਿਸਟਰੀ ਸੈਂਟਰ (Alberta Registry centre) ਵਿੱਚ ਦਰਜ ਕਰਵਾ ਸਕਦੇ ਹੋ। ਐਡਮੰਟਨ ਵਿੱਚ ਰਜਿਸਟਰੀਜ਼ (registries) ਦੀ ਪੂਰੀ ਸੂਚੀ ਦੇਖਣ ਲਈ ਇਸ ਵੈਬਸਾਈਟ ਤੇ ਜਾਓ:

ਵੈਬਸਾਈਟ: *www.servicealberta.ca > Registries*

## ਚਾਲਕ ਸਿਖਲਾਈ (DRIVER TRAINING)

ਚਾਲਕ ਲਾਈਸੈਂਸ (driver's license) ਹਾਸਲ ਕਰਨ ਲਈ ਤੁਹਾਨੂੰ ਚਾਲਕ ਸਿਖਲਾਈ (driver training) ਦੀ ਜ਼ਰੂਰਤ ਹੈ। ਐਡਮੰਟਨ ਵਿੱਚ ਨਿੱਜੀ ਚਾਲਕ ਸਿਖਲਾਈ ਦੇ ਬਹੁਤ ਪ੍ਰੋਗਰਾਮ ਹਨ। ਇੰਟਰਨੈਟ (Internet) ਤੇ ਡਰਾਈਵਰ ਟਰੇਨਿੰਗ ਇਨ ਐਡਮੰਟਨ ("driver training in Edmonton") ਦੇ ਨਾਮ ਹੇਠਾਂ ਖੋਜ ਕਰਕੇ ਤੁਸੀਂ ਕੋਈ ਇਕ ਚੁਣ ਸਕਦੇ ਹੋ।

**ਦੀ ਅਲਬਰਟਾ ਮੋਟਰ ਐਸੋਸੀਏਸ਼ਨ (The Alberta Motor Association (AMA)**

ਏ ਐਮ ਏ (AMA) ਮੋਟਰ-ਗੱਡੀ ਚਲਾਉਣ ਵਾਲਿਆਂ ਲਈ ਇਕ ਬਹੁਤ ਲਾਭਦਾਇਕ ਸੰਸਥਾ ਹੈ। ਇੱਥੇ ਡਰਾਈਵਰ ਸਿਖਿਆ (driver education), ਅਲਬਰਟਾ ਵਿੱਚ ਡਰਾਈਵਰ ਲਾਈਸੈਂਸ (Alberta

driver's license) ਲੈਣ ਲਈ ਟੈਸਟ, ਮੋਟਰ-ਗੱਡੀ ਤੇ ਘਰ ਦਾ ਬੀਮਾ, ਮੋਟਰ-ਗੱਡੀ ਦਰਜ (registry) ਕਰਵਾਉਣ ਸੰਬਧੀ ਸਭ ਪ੍ਰੋਗਰਾਮ ਹਨ। ਇਸਦੇ ਨਾਲ ਹੀ ਇਹ ਤੁਹਾਡੀ ਸੜਕ ਤੇ ਹੀ ਸੰਕਟ ਸਮੇਂ ਸਹਾਇਤਾ ਲਈ ਪਹੁੰਚਣ ਦੀ ਸੇਵਾ ਵੀ ਪ੍ਰਦਾਨ ਕਰਦੇ ਹਨ। ਇਥੋਂ ਮੁਫ਼ਤ ਨਕਸ਼ੇ ਤੇ ਹੋਰ ਸੇਵਾਵਾਂ ਵੀ ਮਿਲ ਸਕਦੀਆਂ ਹਨ। ਇਨ੍ਹਾਂ ਸਭ ਸਹੂਲਤਾਂ ਦਾ ਲਾਭ ਉਠਾਉਣ ਲਈ ਤੁਹਾਡੇ ਵਾਸਤੇ ਏ ਐਮ ਏ (AMA) ਦਾ ਮੈਂਬਰ ਬਣਨਾ ਜ਼ਰੂਰੀ ਹੈ।
ਫ਼ੋਨ: 780-430-7700
ਵੈਬਸਾਈਟ: *www.ama.ab.ca*

**ਐਡਮੰਟਨ ਵਿੱਚ ਮੋਟਰ-ਗੱਡੀ ਚਲਾਉਣ ਸੰਬਧੀ ਵਧੇਰੇ ਜਾਣਕਾਰੀ ਲਈ ਟਰਾਂਸਪੋਰਟੇਸ਼ਨ ਅਲਬਰਟਾ (Transportation Alberta) ਦੀ ਵੈਬਸਾਈਟ ਤੇ ਜਾਓ:**
ਵੈਬਸਾਈਟ: *www.transportation.alberta.ca > Drivers and Vehicles*

## ਸਰਦੀ ਦੇ ਮੌਸਮ ਵਿੱਚ ਮੋਟਰ-ਗੱਡੀ ਚਲਾਉਣਾ

ਸਰਦੀ ਦਾ ਮੌਸਮ ਮੋਟਰ-ਗੱਡੀ ਚਲਾਉਣ ਵਾਲਿਆਂ ਲਈ ਬਹੁਤ ਮੁਸ਼ਕਲ ਹੋ ਸਕਦਾ ਹੈ। ਬਰਫ਼ਾਨੀ ਤੇ ਤਿਲਕਵੀਆਂ ਸੜਕਾਂ ਤੇ ਮੋਟਰ-ਗੱਡੀਆਂ ਚਲਾਉਣ ਵਾਲਿਆਂ ਦਾ ਗੱਡੀ ਤੇ ਆਪਣਾ ਕਾਬੂ ਗਵਾ ਲੈਣਾ ਬੜਾ ਸੁਭਾਵਕ ਹੈ। ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਗੱਡੀ ਹੌਲੀ ਚਲਾਓ, ਆਪਣੇ ਮਿੱਥੇ ਟਿਕਾਣੇ ਤੇ ਪਹੁੰਚਣ ਲਈ ਵਾਧੂ ਸਮਾਂ ਲੈ ਕੇ ਚਲੋ, ਆਪਣੇ ਤੋਂ ਅੱਗੇ ਚਲ ਰਹੀ ਗੱਡੀ ਤੇ ਆਪਣੀ ਗੱਡੀ ਵਿਚਕਾਰ ਕਾਫ਼ੀ ਫ਼ਾਸਲਾ ਰਖੋ, ਅਤੇ ਆਪਣੀ ਗੱਡੀ ਤੇ ਸਰਦੀ ਦੀ ਰੁੱਤ ਵਾਲੇ ਟਾਇਰ ਪਵਾਓ। ਸਰਦੀ ਦੇ ਰੁੱਤ ਵਾਲੇ ਟਾਇਰ ਤੁਹਾਡੀ ਗੱਡੀ ਨੂੰ ਫਿਸਲਣ ਅਤੇ ਡੂੰਘੀ ਬਰਫ਼ ਵਿੱਚ ਫੱਸ ਜਾਣ ਤੋਂ ਬਚਾ ਲੈਣਗੇ। ਸਰਦੀ ਵਿੱਚ ਮੋਟਰ ਗੱਡੀ ਚਲਾਉਣ ਸੰਬਧੀ ਪਾਠ-ਕ੍ਰਮ (course) ਲੈਣ ਲਈ ਵੀ ਤੁਸੀਂ ਵਿਚਾਰ ਕਰ ਸਕਦੇ ਹੋ।

ਮੋਟਰ-ਗੱਡੀ ਚਲਾਉਣ ਸੰਬਧੀ ਪਾਠ-ਕ੍ਰਮਾਂ (courses) ਅਤੇ ਸਰਦੀ ਵਿੱਚ ਮੋਟਰ-ਗੱਡੀ ਚਲਾਉਣ ਲਈ ਸੁਰੱਖਿਅਕ ਰਹਿਣ ਬਾਰੇ ਵਧੇਰੇ ਜਾਣਕਾਰੀ ਵਾਸਤੇ ਇਸ ਵੈਬਸਾਈਟ ਤੇ ਜਾਓ:

**ਅਲਬਰਟਾ ਮੋਟਰ ਐਸੋਸੀਏਸ਼ਨ (Alberta Motor Association (AMA)**
ਵੈਬਸਾਈਟ: *www.ama.ab.ca*

# ਅਲਬਰਟਾ ਵਿੱਚ ਮੋਟਰ-ਗੱਡੀ ਚਲਾਉਣ ਸੰਬਧੀ ਜ਼ਰੂਰੀ ਜਾਣਕਾਰੀ

**ਕਾਨੂੰਨ** –ਇਹ ਜ਼ਰੂਰੀ ਹੈ ਕਿ ਚਾਲਕ ਅਲਬਰਟਾ ਵਿੱਚ ਮੋਟਰ-ਗੱਡੀ ਚਲਾਉਣ ਦੇ ਨਿਯਮਾਂ ਤੋਂ ਜਾਣੂ ਹੋਣ। ਉਹ ਚਾਲਕ ਜੋ ਆਵਾਜਾਈ ਦੇ ਨਿਯਮਾਂ ਦੀ ਉਲੰਘਣਾ ਕਰਦੇ ਹਨ ਉਨ੍ਹਾਂ ਨੂੰ ਪੁਲੀਸ, ਸ਼ੈਰਿਫ਼ (sheriffs) ਅਤੇ ਅਮਨ ਅਧਿਕਾਰੀ (peace officers) ਸਜ਼ਾ ਤੇ ਜੁਰਮਾਨਾ ਕਰ ਸਕਦੇ ਹਨ। ਕਿਸੇ ਵੀ ਰਜਿਸਟਰੀ ਕੇਂਦਰ (registry centre) ਜਾਂ ਇਸ ਵੈਬਸਾਈਟ: www.transportation.alberta.ca > Driver Guides ਤੇ ਜਾ ਕੇ ਚਾਲਕਾਂ ਨੂੰ ਉਹ ਛੋਟੀਆਂ ਕਿਤਾਬਾਂ ਮਿਲ ਸਕਦੀਆਂ ਹਨ ਜਿਨ੍ਹਾਂ ਵਿੱਚ ਆਵਾਜਾਈ ਦੇ ਨਿਯਮਾਂ ਬਾਰੇ ਦਸਿਆ ਗਿਆ ਹੈ।

**ਸੀਟਬੈਲਟਸ (seatbelts)** – ਅਲਬਰਟਾ ਵਿੱਚ ਇਹ ਕਾਨੂੰਨ ਹੈ ਕਿ ਮੋਟਰ-ਗੱਡੀ ਵਿੱਚ ਹਰ ਵਿਅਕਤੀ ਸੀਟਬੈਲਟ ਲਗਾ ਕੇ ਬੈਠੇ। ਇਹ ਜ਼ਰੂਰੀ ਹੈ ਕਿ ਉਹ ਬੱਚੇ ਜੋ 18 ਕਿਲੋਗਰਾਮ (18kg (40 lbs) ਤੋਂ ਘੱਟ ਵਜ਼ਨ ਦੇ ਹਨ ਉਨ੍ਹਾਂ ਨੂੰ ਮਨਜ਼ੂਰਸ਼ੁਦਾ ਅਤੇ ਸਹੀ ਢੰਗ ਨਾਲ ਲਗਾਈ ਗਈ ਬੱਚੇ ਲਈ ਸੁਰੱਖਿਅਤ ਸੀਟ (child safety seat) ਵਿੱਚ ਬੈਠਾਇਆ ਜਾਏ।


**ਸ਼ਰਾਬ** – ਮੋਟਰ-ਗੱਡੀ ਵਿੱਚ ਸ਼ਰਾਬ ਪੀਣਾ ਜਾਂ ਸ਼ਰਾਬ ਦੀ ਖੁਲ੍ਹੀ ਬੋਤਲ ਰਖਣਾ, ਜਾਂ ਸ਼ਰਾਬ ਦੇ ਨਸ਼ੇ ਵਿੱਚ ਸੁਰਤ ਗਵਾ ਕੇ ਮੋਟਰ-ਗੱਡੀ ਚਲਾਉਣਾ ਗੈਰ ਕਾਨੂੰਨੀ ਹੈ। ਸ਼ਰਾਬ ਪੀ ਕੇ ਮੋਟਰ-ਗੱਡੀ ਚਲਾਉਣਾ ਕੈਨੇਡਾ ਵਿੱਚ ਇਕ ਬਹੁਤ ਗੰਭੀਰ ਅਪਰਾਧ ਹੈ। ਇਨ੍ਹਾਂ ਵਿਚੋਂ ਕਿਸੇ ਵੀ ਅਪਰਾਧ ਕਰਕੇ ਤੁਹਾਨੂੰ ਜੁਰਮਾਨਾ ਹੋ ਸਕਦਾ ਹੈ ਜਾਂ ਤੁਹਾਡਾ ਚਾਲਕ ਲਾਈਸੈਂਸ ਜ਼ਬਤ ਕੀਤਾ ਜਾ ਸਕਦਾ ਹੈ।

**ਬੇਧਿਆਨੇ ਮੋਟਰ-ਗ਼ੱਡੀ ਚਲਾਉਣਾ (Distracted Driving)** – ਅਲਬਰਟਾ ਵਿੱਚ ਮੋਟਰ-ਗੱਡੀ ਚਲਾਉਂਦਿਆਂ ਸੈਲ-ਫ਼ੋਨ ਜਾਂ ਕੋਈ ਹੋਰ ਹੱਥ ਵਿੱਚ ਫੜਨ ਵਾਲੇ ਬਿਜਲਾਣੂ ਜੰਤਰ (electronic device) ਦੀ ਵਰਤੋਂ ਕਰਨਾ ਗੈਰ ਕਾਨੂੰਨੀ ਹੈ। ਮੋਟਰ-ਗੱਡੀ ਚਲਾਉਂਦਿਆਂ ਫ਼ੋਨ ਤੇ ਗਲ ਕਰਨ ਲਈ ਤੁਹਾਡੀ ਗੱਡੀ ਵਿੱਚ ਅਜਿਹਾ ਪ੍ਰਬੰਧ ਹੋਣਾ ਜ਼ਰੂਰੀ ਹੈ ਕਿ ਤੁਹਾਨੂੰ ਹੱਥ ਵਿੱਚ ਕੁਝ ਚੁਕਣਾ ਨਾ ਪਵੇ। ਬੇਧਿਆਨੇ ਮੋਟਰ-ਗੱਡੀ ਚਲਾਉਣ ਵਿੱਚ ਇਹ ਸਭ ਕੁਝ ਵੀ ਸ਼ਾਮਲ ਹੈ, ਜਿਵੇਂ ਕਿਤਾਬਾਂ, ਮੈਗਜ਼ੀਨ ਤੇ ਹੋਰ ਛਪੀਆਂ ਚੀਜ਼ਾਂ ਪੜ੍ਹਨਾ, ਲਿਖਣਾ, ਖਾਕੇ ਬਨਾਉਣਾ, ਅਤੇ ਆਪਣੇ ਆਪ ਨੂੰ ਸਵਾਰਨਾ ਜਿਵੇਂ ਕੰਘੀ ਕਰਨਾ, ਚਿਹਰੇ ਤੇ ਸ਼ਿੰਗਾਰ ਕਰਨਾ ਜਾਂ ਬੁਰਸ਼ ਨਾਲ ਦੰਦ ਸਾਫ਼ ਕਰਨਾ।

**ਸੰਕਟ-ਕਾਲ ਮੋਟਰ-ਗਡੀਆਂ (Emergency vehicles)** – ਜਦੋਂ ਤੁਸੀਂ ਸੜਕ ਤੇ ਪੁਲੀਸ ਕਾਰ, ਹਸਪਤਾਲ-ਗੱਡੀ (ambulance), ਜਾਂ ਅੱਗ ਬੁਝਾਉਣ ਵਾਲੇ ਟਰੱਕ (fire truck) ਨੂੰ ਦੇਖੋ ਜਿਨ੍ਹਾਂ ਦੀਆਂ ਬਤੀਆਂ (lights) ਜਗ ਰਹੀਆਂ ਹੋਣ ਤੇ ਬਿਗਲ (siren) ਦੀ ਉੱਚੀ ਆਵਾਜ਼ ਗੂੰਜ ਰਹੀ ਹੋਵੇ ਤਾਂ ਸੜਕ ਦੇ ਸੱਜੇ ਪਾਸੇ ਆਪਣੀ ਗੱਡੀ ਲੈ ਜਾਓ ਅਤੇ ਜਿਤਨੀ ਜਲਦੀ ਤੁਸੀਂ ਕਰ ਸਕੋ, ਗੱਡੀ ਖੜੀ ਕਰ ਲਵੋ।

## ਆਵਾਜਾਈ ਚੱਕਰ (Traffic Circles)

**ਐਡਮੰਟਨ ਵਿੱਚ ਕਾਫ਼ੀ ਗਿਣਤੀ ਵਿੱਚ ਆਵਾਜਾਈ ਚੱਕਰ (traffic circles) ਹਨ।**



**1 ਪਹੁੰਚ (Approach)**
ਚੱਕਰ ਵਿੱਚ ਦੋ ਜਾਂ ਵੱਧ ਬਾਹਰ ਨਿਕਲਣ ਦੇ ਰਸਤਿਆਂ ਤੋਂ ਅੱਗੇ ਨਿਕਲਣ ਲਈ, ਅੰਦਰ ਵਾਲੀ ਸੜਕ ਤੇ ਆਪਣੀ ਮੋਟਰ-ਗੱਡੀ ਲੈ ਜਾਓ। ਜੇ ਆਵਾਜਾਈ ਚੱਕਰ ਵਿੱਚ ਤੁਸੀਂ ਪਹਿਲਾਂ ਬਾਹਰ ਨਿਕਲਣ ਦਾ ਰਸਤਾ ਲੈਣਾ ਚਾਹੁੰਦੇ ਹੋ ਤਾਂ (ਸੱਜੇ ਪਾਸੇ ਮੁੜੋ) ਤੇ ਬਾਹਰਲੀ ਸੜਕ ਤੇ ਰਹੋ।।

**2 ਦਾਖਲ (Enter)**
ਜਦੋਂ ਤੁਸੀਂ ਬਾਹਰ ਨਿਕਲਣਾ ਚਾਹੁੰਦੇ ਹੋ ਤਾਂ ਹਮੇਸ਼ਾਂ ਆਪਣੇ ਮੁੜਨ ਵਾਲੇ ਇਸ਼ਾਰਿਆਂ (turn signals) ਨੂੰ ਵਰਤ ਕੇ ਸੜਕ ਤੇ ਦੂਸਰੇ ਮੋਟਰ-ਗੱਡੀ ਚਲਾਉਣ ਵਾਲਿਆਂ ਨੂੰ ਸੂਚਿਤ ਕਰ ਦਿਓ। ਦੂਜੀ ਸੜਕ ਪਾਰ ਕਰਨ ਤੋਂ ਪਹਿਲਾਂ ਹੋਰ ਚਾਲਕਾਂ ਵਲ ਪੂਰਾ ਧਿਆਨ ਦਿਓ ਤੇ ਇਹ ਪੱਕਾ ਨਿਸਚਾ ਕਰ ਲਵੋ ਕਿ ਤੁਹਾਡਾ ਬਾਹਰ ਨਿਕਲਣ ਦਾ ਰਸਤਾ ਸਾਫ਼ ਹੈ।

**3 ਬਾਹਰ ਨਿਕਲਣਾ (Exit)**
ਆਵਾਜਾਈ ਚੱਕਰ ਵਿੱਚ ਜੋ ਕਾਰ ਅੰਦਰਲੀ ਸੜਕ ਤੇ ਹੈ ਉਸਨੂੰ ਪਹਿਲਾਂ ਜਾਣ ਦੀ ਆਗਿਆ ਹੈ (right of way)। ਜੋ ਕਾਰਾਂ ਬਾਹਰਲੀ ਸੜਕ ਤੇ ਹਨ ਉਨ੍ਹਾਂ ਲਈ ਜ਼ਰੂਰੀ ਹੈ ਕਿ ਉਹ ਅੰਦਰਲੀ ਸੜਕ ਵਾਲੀਆਂ ਕਾਰਾਂ ਲਈ ਹੌਲੀ (yield) ਹੋ ਜਾਣ।

# ਸਾਈਕਲ ਚਲਾਉਣਾ ਅਤੇ ਪੈਦਲ ਚਲਣਾ

## ਸਾਈਕਲ ਚਲਾਉਣਾ

ਐਡਮੰਟਨ ਵਿੱਚ ਇੱਧਰ ਉੱਧਰ ਜਾਣ ਲਈ ਆਪਣੀ ਮਰਜ਼ੀ ਅਨੁਸਾਰ ਸਾਈਕਲ ਚਲਾ (biking) ਸਕਣਾ ਇਕ ਬਹੁਤ ਵੱਡੀ ਸਹੂਲਤ ਹੈ। ਇਸ ਸ਼ਹਿਰ ਦੇ ਪ੍ਰਬੰਧਕ ਆਪਣੇ ਨਾਗਰਿਕਾਂ ਨੂੰ ਸਾਈਕਲ ਚਲਾਉਣ ਲਈ ਉਤਸ਼ਾਹਤ ਕਰਦੇ ਹਨ ਕਿਉਂਕਿ ਇਹ ਨਾ ਕੇਵਲ ਹਰ ਕਿਸੇ ਦੀ ਪੁੱਜਤ ਦੇ ਅੰਦਰ ਹੈ ਸਗੋਂ ਸਫ਼ਰ ਕਰਨ ਦਾ ਇਕ ਬਹੁਤ ਸਿਹਤਮੰਦ ਸਾਧਨ ਵੀ ਹੈ।

ਐਡਮੰਟਨ ਵਿੱਚ ਸੜਕਾਂ ਉੱਤੇ ਅਤੇ ਸੜਕਾਂ ਤੋਂ ਪਰੇ (on- and off-street) ਕਈ ਸਾਈਕਲ ਚਲਾਉਣ ਦੇ ਰਸਤੇ ਅਤੇ ਮਾਰਗ ਹਨ ਜੋ ਤਹਾਡੀ ਸ਼ਹਿਰ ਨੂੰ ਘੁੰਮ ਫਿਰ ਕੇ ਦੇਖ ਸਕਣ ਵਿੱਚ ਸਹਾਇਤਾ ਕਰ ਸਕਦੇ ਹਨ। ਇਸ ਤੋਂ ਇਲਾਵਾ ਭਵਿਖ ਵਿੱਚ ਹੋਰ ਵਧੇਰੇ ਸਾਈਕਲ ਚਲਾਉਣ ਦੇ ਰਸਤੇ ਬਨਾਉਣ ਦੀ ਯੋਜਨਾ ਵੀ ਹੈ।

ਬਾਹਰ ਜਾਣ ਤੋਂ ਪਹਿਲਾਂ ਸੜਕ ਦੇ ਨਿਯਮਾਂ ਨੂੰ ਚੰਗੀ ਤਰ੍ਹਾਂ ਸਮਝ ਲਵੋ ਅਤੇ ਆਵਾਜਾਈ ਦੇ ਇਸ਼ਾਰੇ (signals) ਅਤੇ ਚਿੰਨ੍ਹਾਂ (signs) ਬਾਰੇ ਜਾਣੂ ਹੋ ਜਾਓ। ਸੁਰੱਖਿਅਤ ਢੰਗ ਨਾਲ ਸਾਈਕਲ ਚਲਾਉਣ ਸੰਬਧੀ ਜਾਨਣ ਲਈ ਇਸ ਵੈਬਸਾਈਟ ਤੇ ਜਾਓ: **edmonton.ca/bikeedmonton.** ਇੱਥੇ ਤੁਸੀਂ ਐਡਮੰਟਨ ਵਿੱਚ ਸਾਈਕਲ ਚਲਾਉਣ ਬਾਰੇ ਵਧੇਰੇ ਜਾਣਕਾਰੀ ਦੇ ਨਾਲ ਨਾਲ ਸਾਈਕਲ ਚਲਾਉਣ ਲਈ ਰਸਤਿਆਂ ਦੇ ਨਕਸ਼ੇ ਵੀ ਦੇਖ ਸਕਦੇ ਹੋ।

ਫ਼ੋਨ: **311**

ਵੈਬਸਾਈਟ: *www.edmonton.ca > Driving, walking & cycling > Bike Edmonton*




## ਪੈਦਲ ਚਲਣਾ

ਪੈਦਲ ਚਲਣਾ ਭਾਈਚਾਰੇ ਦੀ ਜ਼ਿੰਦਗੀ ਵਿੱਚ ਸ਼ਕਤੀ ਅਤੇ ਆਨੰਦ ਪੈਦਾ ਕਰਦਾ ਹੈ। ਬਾਹਰ ਚਲਦਿਆਂ ਅਸੀਂ ਆਪਣੇ ਗੁਆਂਢੀਆਂ ਨੂੰ ਮਿਲਦੇ, ਕਸਰਤ ਕਰਦੇ, ਨੇੜੇ ਦੀਆਂ ਦੁਕਾਨਾਂ ਤੇ ਚੱਕਰ ਮਾਰਦੇ, ਅਤੇ ਆਮ ਜਨਤਾ ਲਈ ਬਣੀਆਂ ਥਾਵਾਂ ਤੇ ਜਾ ਕੇ ਆਨੰਦ ਮਾਣ ਸਕਦੇ ਹਾਂ। ਅਜਿਹਾ ਕਰਦਿਆਂ ਅਸੀਂ ਆਪਣੀ ਗਲੀ ਦੀਆਂ ਅੱਖਾਂ ਬਣ ਜਾਂਦੇ ਹਾਂ ਜਿਸ ਨਾਲ ਸੁਰੱਖਿਆ ਵਧਦੀ ਅਤੇ ਜੁਰਮ ਘੱਟਦਾ ਹੈ। ਐਡਮੰਟਨ ਸ਼ਹਿਰ ਦੇ ਪ੍ਰਬੰਧਕ ਪੈਦਲ ਚਲਣ ਲਈ ਉਤਸ਼ਾਹਤ ਕਰਦੇ ਹਨ ਕਿਉਂਕਿ ਇਹ ਸਿਹਤ, ਤੰਦਰੁਸਤੀ ਅਤੇ ਆਨੰਦ ਮਾਨਣ ਦਾ ਵਸੀਲਾ ਹੈ। ਤੁਸੀਂ ਆਪਣੀ ਸਿਹਤ, ਤੰਦਰੁਸਤੀ ਅਤੇ ਆਨੰਦ ਵਿੱਚ ਵਾਧਾ ਕਰਨ ਲਈ ਹੋਰ ਵਧੇਰੇ ਸੁਝਾਵਾਂ ਲਈ ਆਪਣੀ ਸਥਾਨਕ ਜਨਤਕ ਲਾਇਬਰੇਰੀ ਵਿੱਚ ਜਾਕੇ ਚਲਣ ਵਾਲੇ ਰਸਤਿਆਂ ਦੇ ਨਕਸ਼ੇ ਲੈ ਸਕਦੇ ਹੋ ਜਾਂ ਵਾਕੇਬਲ ਐਡਮੰਟਨ (Walkable Edmonton) ਤੇ ਇਸ ਵੈਬਸਾਈਟ ਤੇ ਜਾਓ:

ਵੈਬਸਾਈਟ: *www.edmonton.ca > Transportation > Cycling & Walking > Walking*







# ਐਡਮੰਟਨ ਵਿੱਚ ਰਹਿਣਾ

# 06

## ਰਿਹਾਇਸ਼

ਐਡਮੰਟਨ ਦੇ ਨਿਵਾਸ-ਸਥਾਨਾਂ ਵਿੱਚ ਸ਼ਾਮਲ ਹਨ: ਇਕ-ਪਰਵਾਰੀ-ਘਰ (single-family homes), ਅਪਾਰਟਮੈਂਟਸ, ਕੌਂਡੋਮੀਨੀਅਮਜ਼ ਅਤੇ ਟਊਨਹਾਊਸਿਜ਼.

### ਘਰ ਖਰੀਦਨਾ

ਜੇ ਤੁਸੀਂ ਘਰ ਖਰੀਦਨਾ ਚਾਂਹੁਦੇ ਹੋ ਤਾਂ ਰੀਅਲ ਇਸਟੇਟ ਦੇ ਏਜੰਟ ਨਾਲ ਗਲ ਕਰਨਾ ਲਾਭਦਾਇਕ ਸਿੱਧ ਹੋ ਸਕਦਾ ਹੈ।

ਐਡਮੰਟਨ ਰੀਅਲ ਇਸਟੇਟ ਬੋਰਡ (Edmonton Real Estate Board) ਦੀ ਵੈਬਸਾਈਟ ਤੇ ਜਾ ਕੇ ਤੁਸੀਂ ਰੀਅਲ ਇਸਟੇਟ ਏਜੰਟ ਦੀ ਖੋਜ ਕਰ ਸਕਦੇ ਹੋ।

ਵੈਬਸਾਈਟ: *www.ereb.com > Buying a Home > Finding a Realtor*

*ਐਡਮੰਟਨ ਵਿੱਚ ਜਦੋਂ ਤੁਸੀਂ ਘਰ ਖਰੀਦਦੇ ਹੋ ਤਾਂ ਤੁਹਾਨੂੰ ਜਾਇਦਾਦ ਕਰ (property taxes) ਦੇਣੇ ਪੈਣਗੇ। ਜਾਇਦਾਦ ਕਰ ਸਬੰਧੀ ਹੋਰ ਜਾਣਕਾਰੀ ਲਈ ਦੇਖੋ ਮਨੀ ਮੈਨੇਜਮੈਂਟ ਐਂਡ ਟੈਕਸਜ਼ (Money Management and Taxes) ਸਫ਼ਾ 25।

### ਘਰ ਕਿਰਾਏ ਤੇ ਲੈਣਾ

ਕਿਰਾਏ ਤੇ ਘਰ ਲੈਣ ਲਈ ਤੁਸੀਂ ਸਥਾਨਕ ਅਖਬਾਰਾਂ ਵਿੱਚ ਤਰਤੀਬ ਵਾਰ ਦਿਤੇ ਹੋਏ ਇਸ਼ਤਿਹਾਰ ਦੇਖੋ, ਇੰਟਰਨੈਟ ਤੇ ਖੋਜ ਕਰੋ ਜਾਂ ਇਮਾਰਤਾਂ ਦੇ ਬਾਹਰ ਲਗੇ ਹੋਏ "ਕਿਰਾਏ ਲਈ ਖਾਲੀ" ਇਸ਼ਤਿਹਾਰਾਂ ਵਲ ਧਿਆਨ ਦਿਓ।

ਜਦੋਂ ਤੁਹਾਨੂੰ ਕਿਰਾਏ ਤੇ ਰਹਿਣ ਲਈ ਥਾਂ ਮਿਲ ਜਾਏ ਤਾਂ ਤੁਹਾਨੂੰ ਇਕ ਅਰਜ਼ੀ ਭਰਨੀ ਪਵੇਗੀ ਅਤੇ ਨਾਲ ਹੀ ਇਕ ਮਹੀਨੇ ਦਾ ਕਿਰਾਇਆ ਅਗਾਂਓ ਜ਼ਮਾਨਤੀ ਰਕਮ (security deposit) ਦੇ ਰੂਪ ਵਿੱਚ ਦੇਣਾ ਹੋਵੇਗਾ। ਇਹ ਜ਼ਮਾਨਤੀ ਰਕਮ ਉਹ ਰਕਮ ਹੈ ਜੋ ਤੁਹਾਡੀ ਤੇ ਤੁਹਾਡੇ ਮਕਾਨ-ਮਾਲਕ ਦੀ ਰਖਿਆ ਕਰਦੀ ਹੈ। ਜ਼ਮਾਨਤੀ ਰਕਮ ਲੈਣ ਤੋਂ ਬਾਦ ਮਕਾਨ-ਮਾਲਕ ਕਿਸੇ ਹੋਰ ਨੂੰ ਉਹ ਮਕਾਨ ਕਿਰਾਏ ਤੇ ਨਹੀਂ ਦੇ ਸਕਦਾ/ਸਕਦੀ। ਜਮ੍ਹਾਂ ਕਰਵਾਈ ਹੋਈ ਇਹ ਰਕਮ ਮਕਾਨ-ਮਾਲਕ ਆਪਣੇ ਕੋਲ ਉਸ ਸਮੇਂ ਤਕ ਰਖੇਗਾ ਜਦ ਤਕ ਤੁਸੀਂ ਮਕਾਨ ਛੱਡ ਕੇ ਚਲੇ ਨਹੀਂ ਜਾਂਦੇ। ਤੁਹਾਡੇ ਉਸ ਮਕਾਨ ਵਿੱਚ ਰਹਿਣ ਦੇ ਕਾਰਨ ਜੇ ਮਕਾਨ ਦਾ ਕੋਈ ਨੁਕਸਾਨ ਹੋਇਆ ਹੋਵੇ ਤਾਂ ਮਕਾਨ-ਮਾਲਕ ਉਸ ਖਰਚ ਲਈ ਇਸ ਰਕਮ ਦੀ ਵਰਤੋਂ ਕਰ ਸਕਦਾ/ਸਕਦੀ ਹੈ।

ਕਿਰਾਏ ਦੇ ਮਕਾਨ ਵਿੱਚ ਰਹਿਣ ਤੋਂ ਪਹਿਲਾਂ ਅਤੇ ਉਸਨੂੰ ਛੱਡਣ ਤੋਂ ਪਹਿਲਾਂ ਮਾਲਕ-ਮਕਾਨ ਨਾਲ ਮਿਲਕੇ ਮਕਾਨ ਦੀ ਜਾਂਚ-ਪੜਤਾਲ ਕਰਕੇ ਰਿਪੋਰਟ ਤਿਆਰ ਕਰਨ ਦੀ ਬੇਨਤੀ ਕਰੋ ਅਤੇ ਇਨ੍ਹਾਂ ਰਿਪੋਰਟਾਂ ਦੀ ਇਕ ਨਕਲ ਆਪਣੇ ਕੋਲ ਰੱਖੋ। ਤੁਹਾਡੇ ਮਕਾਨ ਛੱਡਣ ਸਮੇਂ ਇਨ੍ਹਾਂ ਨੂੰ ਦੇਖ ਕੇ ਪਤਾ ਲਗ ਜਾਏਗਾ ਕਿ ਮਕਾਨ ਉਸੇ ਹਾਲਤ ਵਿੱਚ ਹੈ ਜਾਂ ਨਹੀਂ ਜਦੋਂ ਤੁਸੀਂ ਲਿਆ ਸੀ, ਅਤੇ ਤੁਹਾਡੀ ਜਮ੍ਹਾਂ ਕਰਵਾਈ ਜ਼ਮਾਨਤੀ ਰਕਮ ਵਿਚੋਂ ਕਿਤਨੀ ਰਕਮ ਨੁਕਸਾਨ ਪੂਰਾ ਕਰਨ ਵਾਸਤੇ ਕੱਟ ਲਈ ਜਾਏਗੀ।


ਆਪਣੀ ਅਦਾ ਕੀਤੀ ਜ਼ਮਾਨਤੀ ਰਕਮ ਅਤੇ ਫ਼ਿਰ ਹਰ ਮਹੀਨੇ ਕਿਰਾਏ ਦੀ ਰਕਮ ਦੇਣ ਤੋਂ ਬਾਦ ਰਸੀਦ ਲਵੋ। ਆਪਣਾ ਕਿਰਾਇਆ ਸਮੇਂ ਸਿਰ ਦਿਓ। ਅਜਿਹਾ ਨਾ ਕਰਨ ਤੇ ਤੁਹਾਨੂੰ ਮਕਾਨ ਛੱਡ ਕੇ ਜਾਣਾ ਪਵੇਗਾ।

ਜੇ ਤੁਹਾਡੇ ਤੇ ਮਕਾਨ-ਮਾਲਕ ਵਿੱਚ ਕੋਈ ਨਾ-ਇਤਫ਼ਾਕੀ ਹੋ ਜਾਏ ਜਾਂ ਕਿਰਾਏਦਾਰ ਦੇ ਹੱਕਾਂ ਤੇ ਜ਼ਿੰਮੇਵਾਰੀਆਂ ਸਬੰਧੀ ਕੋਈ ਪ੍ਰਸ਼ਨ ਹੋਣ ਤਾਂ ਤੁਸੀਂ ਲੈਂਡਲੋਰਡ ਐਂਡ ਟੇਨੈਂਟ ਐਡਵਾਈਜ਼ਰੀ ਬੋਰਡ (Landlord and Tenant Advisory Board) ਨਾਲ ਗਲ ਕਰ ਸਕਦੇ ਹੋ। ਇਹ ਉਹ ਸੰਸਥਾ ਹੈ ਜੋ ਮਕਾਨ-ਮਾਲਕਾਂ ਅਤੇ ਕਿਰਾਏਦਾਰਾਂ ਵਿੱਚ ਪੈਦਾ ਹੋਏ ਝਗੜਿਆਂ ਦਾ ਨਿਪਟਾਰਾ ਕਰਨ ਵਿੱਚ ਸਹਾਇਤਾ ਕਰਦੀ ਹੈ.

ਵੈਬਸਾਈਟ: *www.edmonton.ca > Programs & Services > Housing > Landlord and Tenant Advisory Board*

## ਸੰਕਟ ਸਮੇਂ ਰਿਹਾਇਸ਼ (EMERGENCY HOUSING)

ਇਸਤ੍ਰੀਆਂ ਤੇ ਬੱਚੇ ਜੋ ਘਰੇਲੂ ਤਸ਼ੱਦਦ ਦਾ ਸ਼ਿਕਾਰ ਹਨ, ਉਨ੍ਹਾਂ ਲਈ ਇਸ ਸੰਕਟ ਸਮੇਂ ਰਿਹਾਇਸ਼ ਵਾਸਤੇ ਦੇਖੋ ਵੁਮੈਨਜ਼ ਸ਼ੈਲਟਰਜ਼ ਦੇ ਹੇਠਾਂ ਸਟਏਇੰਗ ਸੇਫ਼ (ਸੇਫ਼ਟੀ) ਇਨ ਐਡਮੰਟਨ, (ਚੈਪਟਰ 10) (Women's Shelters under staying Safe (Safety) in Edmonton, (Chapter 10).



## ਕਿਰਾਏ ਤੇ ਜਾਂ ਆਪਣੀ ਪੁੱਜਤ ਅਨੁਸਾਰ ਕਿਰਾਏ ਤੇ ਘਰ ਲੈਣ ਲਈ ਹੇਠ ਲਿਖੀਆਂ ਇਨ੍ਹਾਂ ਸੰਸਥਾਵਾਂ ਨਾਲ ਸੰਪਰਕ ਕਰੋ।

### ਸਿਟੀ ਆਫ ਐਡਮੰਟਨ ਹਾਊਸਿੰਗ ਸਰਵਿਸਿਜ਼ (City of Edmonton Housing Services)

ਇਹ ਇਸ ਸ਼ਹਿਰ ਦਾ ਪ੍ਰੋਗਰਾਮ ਹੈ ਜੋ ਵਿਅਕਤੀਆਂ, ਭਾਈਚਾਰਕ ਸਮੂਹਾਂ, ਹੋਰ ਸ਼ਹਿਰੀ ਵਿਭਾਗਾਂ, ਸਰਕਾਰ ਦੇ ਹੋਰ ਵਰਗਾਂ, ਅਤੇ ਵਿਕਾਸ ਕਰ ਰਹੇ ਉਦਯੋਗਾਂ ਨਾਲ ਮਿਲ ਕੇ ਕੰਮ ਕਰਦੇ ਹੋਏ ਉਨ੍ਹਾਂ ਦੀਆਂ ਰਿਹਾਇਸ਼ ਅਤੇ ਉਸ ਨਾਲ ਸਬੰਧਤ ਸੇਵਾਵਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦੇ ਹਨ।
ਫ਼ੋਨ: 311

### ਦੀ ਫ਼ਰਸਟ ਪਲੇਸ ਹੋਮ ਓਨਰਸ਼ਿਪ ਪ੍ਰੋਗਰਾਮ (The First Place Home Ownership Program)

ਇਹ ਸ਼ਹਿਰ ਦਾ ਉਹ ਪ੍ਰੋਗਰਾਮ ਹੈ ਜੋ ਨਗਰ ਵਾਸੀਆਂ ਨੂੰ ਅਲਬਰਟਾ ਵਿੱਚ ਆਪਣਾ ਪਹਿਲਾ ਘਰ ਖਰੀਦਣ ਦਾ ਮੌਕਾ ਪ੍ਰਦਾਨ ਕਰਦਾ ਹੈ।
ਫ਼ੋਨ: 311
*ਵੈਬਸਾਈਟ: www.edmonton.ca > Housing > First Place*

### ਅਲਬਰਟਾ ਸੀਨੀਅਰ ਸਿਟੀਜ਼ਨਜ਼ ਹਾਊਸਿੰਗ ਐਸੋਸੀਏਸ਼ਨ (Alberta Senior Citizens Housing Association) (ASCHA)

ASCHA ਪ੍ਰੋਗਰਾਮ ਬਜ਼ੁਰਗਾਂ ਲਈ ਆਪਣੀ ਮਰਜ਼ੀ ਅਨੁਸਾਰ ਘਰ ਲੈਣ ਵਾਸਤੇ ਬਹੁਤ ਪ੍ਰਕਾਰ ਦੀਆਂ ਰਿਹਾਇਸ਼ੀ ਵੰਨਗੀਆ ਪੇਸ਼ ਕਰਦੇ ਹਨ, ਜਿਨ੍ਹਾਂ ਵਿੱਚ 2500 ਤੋਂ ਵੀ ਵੱਧ ਨਿਯੁਕਤ ਕੀਤੇ ਹੋਏ ਸਹਾਇਕ-ਰਿਹਾਇਸ਼ੀ (designated assisted living (DAL) ) ਘਰ (units) ਹਨ।
ਫ਼ੋਨ: 780-439-6473
*ਵੈਬਸਾਈਟ: www.ascha.com*

### ਕੈਪੀਟਲ ਰੀਜਨ ਹਾਊਸਿੰਗ ਕੋਰਪੋਰੇਸ਼ਨ (Capital Region Housing Corporation (CRHC))

ਐਡਮੰਟਨ ਦੇ ਇਲਾਕੇ ਵਿੱਚ ਕੈਪੀਟਲ ਰੀਜਨ ਹਾਊਸਿੰਗ ਕੋਰਪੋਰੇਸ਼ਨ (CRHC) ਇਕ ਸਭ ਤੋਂ ਵੱਡੀ ਸੋਸ਼ਲ (ਸਰਕਾਰ ਵਲੋਂ ਮਿਲਦੀ ਆਰਥਕ ਸਹਾਇਤਾ ਨਾਲ) ਤੇ ਪੁਜੱਤ ਅਨੁਸਾਰ ਘਰ ਪ੍ਰਦਾਨ ਕਰਨ ਵਾਲੀ ਸੰਸਥਾ ਹੈ।
ਫ਼ੋਨ: 780-420-6161
CHRC ਬਾਰੇ ਜਾਣਕਾਰੀ ਲਈ 24-ਘੰਟੇ ਦੀ ਫ਼ੋਨ ਲਾਈਨ ਹੈ: 780-428-8200
*ਵੈਬਸਾਈਟ: www.crhc.ca*

### ਐਡਮੰਟਨ ਮੈਨੋਨਾਈਟ ਸੈਂਟਰ ਫ਼ਾਰ ਨਿਊਕਮਰਜ਼ (Edmonton Mennonite Centre for Newcomers)

ਇਹ ਕੇਂਦਰ ਨਵੇਂ ਆਏ ਆਵਾਸੀਆਂ (landed immigrants) ਅਤੇ ਸ਼ਰਨਾਰਥੀਆਂ ਦੀ ਸਹਾਇਤਾ ਕਰਦਾ ਹੈ। ਇਹ ਹੇਠ ਲਿਖੀਆਂ ਸੇਵਾਵਾਂ ਪ੍ਰਦਾਨ ਕਰਦੇ ਹਨ: ਜਾਣਕਾਰੀ/ਸਥਾਨਕ ਗਿਆਨ ਅਤੇ ਹਵਾਲਾ ਦੇਣਾ (referral), ਮੂਲ ਸੇਵਾਵਾਂ ਲਈ ਸਹਾਇਤਾ ਕਰਨਾ (ਸਿਹਤ ਰਖਿਆ, ਬਾਲਗਾਂ ਤੇ ਬਚਿਆਂ ਲਈ ਸਿਹਤ ਨਾਲ ਸਬੰਧਤ ਫ਼ਾਇਦੇ, ਰਿਹਾਇਸ਼, ਆਮਦਨ ਵਿੱਚ ਸਹਾਇਤਾ, ਖੁਰਾਕ ਲਈ ਸਾਧਨ), ਸਕੂਲ ਵਿੱਚ ਬਚਿਆਂ ਨੂੰ ਰਜਿਸਟਰ ਕਰਵਾਉਣਾ, ਸਰਕਾਰੀ ਅਰਜ਼ੀਆਂ ਭਰਨ ਵਿੱਚ ਸਹਾਇਤਾ ਕਰਨਾ, ਕੁਝ ਬੋਲੀਆਂ ਵਿੱਚ ਲਿਖਤੀ/ਜ਼ਬਾਨੀ ਤਰਜਮਾਨੀ ਕਰਨ ਲਈ ਸਹਾਇਤਾ ਕਰਨਾ, ਅਤੇ ਆਵਾਸ ਨਾਲ ਸੰਬਧਤ ਜਾਣਕਾਰੀ ਦੇਣਾ।
ਫ਼ੋਨ: 780-424-7709
*ਵੈਬਸਾਈਟ: www.emcn.ab.ca*

### ਹੈਬੀਟੈਟ ਫ਼ਾਰ ਹਿਊਮੈਨੇਟੀ (Habitat for Humanity)

ਸ੍ਵੈ-ਸੇਵਕ ਤੇ ਦਾਨੀ ਮਿਲਕੇ ਇਹ ਘਰ ਬਣਾਉਂਦੇ ਹਨ ਅਤੇ ਘੱਟ ਕੀਮਤ ਤੇ ਯੋਗ ਪਰਵਾਰਾਂ ਨੂੰ ਵੇਚ ਦੇਂਦੇ ਹਨ।
ਫ਼ੋਨ: 780-479-3566
*ਵੈਬਸਾਈਟ: www.hfh.org*

### ਦੀ ਹੋਮ ਪ੍ਰੋਗਰਾਮ (The Home Program)

ਇਹ ਪ੍ਰੋਗਰਾਮ ਔਸਤ ਦਰਜੇ ਦੀ ਆਮਦਨ ਵਾਲੇ ਨਗਰ-ਵਾਸੀਆਂ ਨੂੰ ਆਪਣਾ ਘਰ ਖਰੀਦਣ ਵਿੱਚ ਸਹਾਇਤਾ ਕਰਦਾ ਹੈ। ਇਹ ਉਨ੍ਹਾਂ ਨੂੰ ਗਿਆਨ, ਹਵਾਲੇ (referrals), ਇਕਲਿਆਂ ਮਿਲਕੇ ਸਲਾਹ-ਮਸ਼ਵਰਾ, ਤਤਕਾਲ ਅਦਾਇਗੀ (down payment) ਵਿੱਚ ਸਹਾਇਤਾ, ਪੇਸ਼ਾਵਰ ਘਰ ਵੇਚਣ ਵਾਲਿਆਂ ਨਾਲ ਮੁਲਾਕਾਤ ਕਰਵਾਉਣਾ ਅਤੇ ਲਗਾਤਾਰ ਸਹਾਇਤਾ ਦੇਂਦੇ ਰਹਿਣ ਦਾ ਫ਼ਰਜ਼ ਨਿਭਾਉਂਦੇ ਹਨ.
ਫ਼ੋਨ: 1-877-504-6161
*ਵੈਬਸਾਈਟ: www.thehomeprogram.ca*



## ਆਪਣੀ ਜਾਇਦਾਦ ਦਾ ਬੀਮਾ ਕਰਵਾਓ

**ਜੇ ਤੁਸੀਂ ਘਰ ਕਿਰਾਏ ਤੇ ਲੈਂਦੇ ਹੋ ਤਾਂ ਆਪਣੇ ਸਾਮਾਨ ਜਿਵੇਂ ਫ਼ਰਨੀਚਰ, ਕਪੜੇ, ਇਲੈਕਟ੍ਰੌਨਿਕਸ (electronics) ਆਦਿ ਦਾ ਅੱਗ, ਚੋਰੀ ਵਰਗੇ ਨੁਕਸਾਨ ਤੋਂ ਆਪਣੀ ਰਖਿਆ ਕਰਨ ਲਈ ਬੀਮਾ ਕਰਵਾਓ।**

**ਜੇ ਤੁਸੀਂ ਆਪਣਾ ਘਰ ਖਰੀਦਦੇ ਹੋ ਤਾਂ ਆਪਣੇ ਸਾਮਾਨ ਦੀ ਰਖਿਆ ਲਈ ਜਾਇਦਾਦ ਦਾ ਬੀਮਾ ਅਤੇ ਘਰ ਦੀ ਹਿਫ਼ਾਜ਼ਤ ਲਈ ਮਕਾਨ-ਮਾਲਕ ਦਾ ਬੀਮਾ ਕਰਵਾਓ।**

# ਪੈਸੇ ਦੀ ਸੰਭਾਲ (MANAGING MONEY)

## ਆਰਥਕ ਗਿਆਨ (FINANCIAL LITERACY)

ਐਡਮੰਟਨ ਵਿੱਚ ਅਜਿਹੀਆਂ ਬਹੁਤ ਸੰਸਥਾਵਾਂ ਹਨ ਜੋ ਤੁਹਾਨੂੰ ਆਪਣੇ ਪੈਸੇ ਦੀ ਸਹੀ ਢੰਗ ਨਾਲ ਵਰਤੋਂ ਕਰਨ ਵਿੱਚ ਸਹਾਇਤਾ ਕਰ ਸਕਦੀਆਂ ਹਨ। ਤੁਸੀਂ ਇਹ ਆਰਥਕ ਗਿਆਨ (financial literacy) ਦੀ ਜਮਾਤ ਕਿੱਥੇ ਲੈ ਸਕਦੇ ਹੋ, ਇਸ ਬਾਰੇ ਜਾਣਨ ਲਈ ਸੰਪਰਕ ਕਰੋ:

### ਦੀ ਐਡਮੰਟਨ ਫ਼ਾਈਨੈਨਸ਼ਿਅਲ ਲਿਟ੍ਰੇਸੀ ਸੋਸਾਇਟੀ (The Edmonton Financial Literacy Society)

ਦੀ ਐਡਮੰਟਨ ਫ਼ਾਈਨੈਨਸ਼ਿਅਲ ਲਿਟ੍ਰੇਸੀ ਸੋਸਾਇਟੀ (FLS) ਉਹ ਸੰਸਥਾ ਹੈ ਜੋ ਜੀਵਨ ਜਿਊਣ ਵਾਸਤੇ ਜ਼ਰੂਰੀ ਹੁਨਰ ਸਿਖਾਉਣ ਲਈ ਯੋਗ ਪਾਠ-ਕ੍ਰਮਾਂ (courses) ਦਾ ਨਿਰਮਾਣ ਕਰਦੀ ਹੈ, ਕੇਵਲ ਆਰਥਕ ਮਾਹਰਤਾ ਤੇ ਜ਼ਰੂਰਤਾਂ ਤਕ ਹੀ ਸੀਮਤ ਨਹੀਂ ਰਹਿੰਦੀ।

**ਫ਼ੋਨ: 780.944.1558**

**ਵੈਬਸਾਈਟ: *www.efls.ca***

### E4C

E4C ਇਕ ਬਿਨਾ ਕਿਸੇ ਲਾਭ ਦੇ ਕੰਮ ਕਰਨ ਵਾਲੀ ਦਾਨੀ ਸੰਸਥਾ ਹੈ ਜੋ ਕਮਜ਼ੋਰ ਵਿਅਕਤੀਆਂ ਨੂੰ ਸਹੀ ਤੇ ਸਿਹਤਮੰਦ ਜ਼ਿੰਦਗੀ ਜਿਊਣ ਲਈ ਪ੍ਰੇਰਨਾ ਦੇਂਦੇ ਹੋਏ ਜੀਵਨ ਵਿੱਚ ਸਥਾਈ ਤਬਦੀਲੀ ਲਿਆਉਂਦੀ ਹੈ।

**ਫ਼ੋਨ: 780-424-7543**

**ਵੈਬਸਾਈਟ: *www.e4calberta.org***

## ਜਾਇਦਾਦ ਕਰ (PROPERTY TAXES)

ਜੇ ਤੁਹਾਡੇ ਕੋਲ ਆਪਣਾ ਘਰ ਹੈ ਤਾਂ ਇਸ ਸ਼ਹਿਰ ਦੇ ਪ੍ਰਬੰਧਕ ਤੁਹਾਡੇ ਹਿੱਸੇ ਵਿੱਚ ਆਉਂਦੇ ਕੁਲ ਜਾਇਦਾਦ ਦੇ ਕਰਾਂ ਬਾਰੇ ਨਿਸ਼ਚਾ ਕਰਨ ਲਈ ਤੁਹਾਡੀ ਜਾਇਦਾਦ ਦੀ ਕੀਮਤ ਦਾ ਅਨੁਮਾਨ ਲਗਾਉਣਗੇ। ਸ਼ਹਿਰ ਦੇ ਸਾਲਾਨਾ ਬਜਟ ਵਿੱਚ ਕੀਤੇ ਗਏ ਫ਼ੈਸਲੇ ਅਨੁਸਾਰ ਪ੍ਰਬੰਧਕਾਂ ਲਈ ਸ਼ਹਿਰ ਦੀਆਂ ਸੇਵਾਵਾਂ ਅਤੇ ਬੁਨਿਆਦੀ ਢਾਂਚੇ (infrastructure) ਨੂੰ ਬਰਕਰਾਰ ਰੱਖਣਾ ਜ਼ਰੂਰੀ ਹੈ। ਸ਼ਹਿਰ ਨੂੰ ਮਿਲਦੀ ਕੁਲ ਆਮਦਨ ਦਾ ਲਗਭਗ ਅੱਧਾ ਭਾਗ ਐਡਮੰਟਨ ਵਿੱਚ ਲਗਾਏ ਕਰਾਂ ਤੋਂ ਆਉਂਦਾ ਹੈ। ਸ਼ਹਿਰ ਨੂੰ ਮਿਲਦੀਆਂ ਕਈ ਸੇਵਾਵਾਂ ਦਾ ਖਰਚ ਇਥੋਂ ਆਉਂਦਾ ਹੈ, ਜਿਵੇਂ:

- ਪੁਲੀਸ ਅਤੇ ਅੱਗ ਤੋਂ ਬਚਾਓ,
- ਸੜਕਾਂ ਦੀ ਦੇਖ-ਭਾਲ ਅਤੇ ਬਰਫ਼ ਦੀ ਸਫ਼ਾਈ,,
- ਪਾਰਕ ਅਤੇ ਤਰਨ-ਤਲਾਬ, ਅਤੇ
- ਜਨਤਕ ਆਵਾਜਾਈ ਅਤੇ ਗੁਆਂਢੀ ਬੁਨਿਆਦੀ ਢਾਂਚੇ (infrastructure)

ਹਰ ਸਾਲ ਜਨਵਰੀ ਦੇ ਮਹੀਨੇ ਵਿੱਚ ਤੁਹਾਨੂੰ ਆਪਣੀ ਜਾਇਦਾਦ ਦੇ ਕਰ ਦੇ ਅਨੁਮਾਨ ਸਬੰਧੀ ਸੂਚਨਾ ਮਿਲ ਜਾਏਗੀ। ਤੁਹਾਡੇ ਲਈ ਆਪਣੇ ਕਰ ਜੂਨ ਮਹੀਨੇ ਦੇ ਅੰਤ ਵਿੱਚ ਦੇਣੇ ਜ਼ਰੂਰੀ ਹਨ, ਜਾਂ ਤੁਸੀ ਸ਼ਹਿਰ ਦੇ ਪ੍ਰਬੰਧਕਾ ਨਾਲ ਮਿਲ ਕੇ ਹਰ ਮਹੀਨੇ ਰਕਮ ਦੀ ਅਦਾਇਗੀ ਕਰਨ ਦੀ ਯੋਜਨਾ ਵੀ ਬਣਾ ਸਕਦੇ ਹੋ। ਜਾਇਦਾਦ ਦੇ ਕਰਾਂ ਬਾਰੇ ਹੋਰ ਜਾਣਕਾਰੀ ਲਈ, ਦੇਖੋ: ***www.edmonton.ca > Residential & Neighbourhoods > Property Assessment & Taxes > Property Taxes***

## ਫ਼ੈਡਰਲ ਇਨਕਮ ਟੈਕਸ ਰਿਟਰਨਜ਼ (FEDERAL INCOME TAX RETURNS)

ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਹਰ ਸਾਲ ਅਪ੍ਰੈਲ 30 ਤਕ ਆਪਣੀ ਨਿਜੀ ਆਮਦਨ ਦੀ ਕਰ (ਟੈਕਸ) ਰਿਪੋਰਟ ਕੇਂਦਰੀ ਸਰਕਾਰ ਨੂੰ ਭੇਜੋ। ਆਮਦਨ ਕਰ ਦੀ ਰਿਪੋਰਟ ਨਾ ਭੇਜਣਾ ਇਕ ਬਹੁਤ ਗੰਭੀਰ ਅਪਰਾਧ ਹੈ ਅਤੇ ਇਸ ਲਈ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਆਮਦਨ ਕਰ (ਟੈਕਸ) ਦੀ ਰਿਪੋਰਟ ਭੇਜਣ ਸਬੰਧੀ ਸਾਰੀ ਜਾਣਕਾਰੀ ਤੁਹਾਨੂੰ ਕੈਨੇਡਾ ਰੈਵੀਨਿਊ ਏਜੰਸੀ (Canada Revenue Agency) ਦੀ ਵੈਬਸਾਈਟ ਤੇ ਮਿਲ ਜਾਏਗੀ:

ਵੈਬਸਾਈਟ: *www.cra-arc.gc.ca > Tax Returns*

### ਆਪਣੀ ਇਨਕਮ ਟੈਕਸ ਰਿਟਰਨ (income tax return) ਮੁਫ਼ਤ ਭਰਵਾਉਣ ਵਿੱਚ ਸਹਾਇਤਾ ਲੈਣ ਸਬੰਧੀ ਜਾਣਕਾਰੀ ਲਈ ਇਨ੍ਹਾਂ ਵਿਚੋਂ ਕਿਸੇ ਇਕ ਸੰਸਥਾ ਨਾਲ ਸੰਪਰਕ ਕਰੋ:

**E4C**

ਫ਼ੋਨ: 780-424-7543

ਵੈਬਸਾਈਟ: *www.e4calberta.org/*

**ਕੈਥੋਲਿਕ ਸੋਸ਼ਲ ਸਰਵਸਿਜ਼ (Catholic Social Services)**

ਫ਼ੋਨ: 780-424-3545

ਵੈਬਸਾਈਟ: *www.cssalberta.ca*

**ਦੀ ਕਮਿਊਨੀਟੀ ਵੋਲੰਟੀਅਰ ਇਨਕਮਟੈਕਸ ਪ੍ਰੋਗਰਾਮ (The Community Volunteer Income Tax Program)**

ਵੈਬਸਾਈਟ: *www.cra-arc.gc.ca > Individuals and Families > Community Volunteer Income Tax Program (CVITP)*

## ਜ਼ਰੂਰੀ ਤਰੀਕਾਂ ਦਾ ਕੈਲੰਡਰ

### ਟੈਕਸ ਭੇਜਣ ਵਾਸਤੇ ਯਾਦ ਨੂੰ ਤਾਜ਼ਾ ਕਰਨ ਲਈ ਹੇਠ ਲਿਖੀਆਂ ਤਰੀਕਾਂ ਹਨ:

**ਜਨਵਰੀ: ਐਡਮੰਟਨ ਸ਼ਹਿਰ ਵਲੋਂ ਜਾਇਦਾਦ ਕਰ ਦਾ ਅਨੁਮਾਨ (City of Edmonton Property Tax Assessment)**

ਵੈਬਸਾਈਟ: *www.edmonton.ca > Residential & Neighbourhoods > Property Assessment & Taxes > Property Assessment*


**ਅਪ੍ਰੈਲ 30: ਆਮਦਨ ਕਰ (Income Tax)**

ਵੈਬਸਾਈਟ: *www.cra-arc.gc.ca > Individuals and Families > Filing a Tax Return*

**ਜੂਨ 30: ਐਡਮੰਟਨ ਸ਼ਹਿਰ ਵਲੋਂ ਜਾਇਦਾਦ ਕਰ (City of Edmonton Property Taxes)**

ਵੈਬਸਾਈਟ: *www.edmonton.ca > Residential & Neighbourhoods > Property Assessment & T axes > Property Taxes*

# ਸ਼ਰਧਾ/ਧਾਰਮਕ ਭਾਈਚਾਰੇ



## ਐਡਮੰਟਨ ਇੰਟਰਫ਼ੇਥ ਸੈਂਟਰ ਫ਼ਾਰ ਐਜੂਕੇਸ਼ਨ ਐਂਡ ਐਕਸ਼ਨ (Edmonton Interfaith Centre for Education and Action) (EICEA)

EICEA ਇਕ ਦਰਜ ਕੀਤੀ ਗਈ (registered) ਬਿਨਾ ਲਾਭ ਤੋਂ ਕੰਮ ਕਰ ਰਹੀ ਸੰਸਥਾ ਹੈ ਜੋ ਬਹੁਤ ਸਾਰੀਆਂ ਧਾਰਮਕ ਪਰੰਪਰਾਵਾਂ ਨਾਲ ਜੁੜੇ ਸ਼ੁਭਚਿੰਤਕ ਵਿਅਕਤੀਆਂ ਵਲੋਂ 1995 ਵਿੱਚ ਸਥਾਪਤ ਕੀਤੀ ਗਈ ਸੀ। ਇਹ ਅਜਿਹੇ ਪ੍ਰੋਗਰਾਮਾਂ ਦੀ ਸਰਪਰਸਤੀ ਕਰਦੀ ਹੈ ਜੋ ਅਲਬਰਟਾ ਵਾਸੀਆਂ ਨੂੰ ਸਾਡੇ ਪ੍ਰਾਂਤ ਵਿੱਚ ਪੱਲਰ ਰਹੇ ਵੱਖ ਵੱਖ ਧਾਰਮਕ ਵਿਸ਼ਵਾਸਾਂ ਸਬੰਧੀ ਸਿਖਿਆ ਦੇਣ ਵਿੱਚ ਸਹਾਇਤਾ ਕਰਨ। ਇਸਦੇ ਮੈਂਬਰ 12 ਤੋਂ ਵੀ ਵੱਧ ਭਿੰਨ ਭਿੰਨ ਧਰਮਾਂ ਨਾਲ ਸਬੰਧ ਰਖਦੇ ਹਨ।

ਫ਼ੋਨ: **(780) 413-6159**

ਵੈਬਸਾਈਟ: *www.edminterfaithcentre.ca*

## ਐਡਮੰਟਨ ਦੀਆਂ ਬਹੁਤ ਸਾਰੀਆਂ ਵੱਖ ਵੱਖ ਧਾਰਮਕ ਪਰੰਪਰਾਵਾਂ ਤੇ ਪੂਜਾ-ਸਥਾਨਾਂ ਵਿਚੋਂ ਇਹ ਕੁਝ ਕੁ ਸਥਾਨ ਹਨ:

### ਬਹਾਈ (Bahá'í)

ਸਪਰਿਚੁਅਲ ਅਸੈਂਬਲੀ ਆਫ਼ ਬਹਾਈ ਇਨ ਐਡਮੰਟਨ
**(Spiritual Assembly of Bahá'í in Edmonton)**
ਫ਼ੋਨ: 780-479-8770
ਵੈਬਸਾਈਟ: *www.edmontonbahai.org*

### ਬੋਧੀ (Buddhist)

ਦੀ ਸੁਮੇਰਿਉ ਗਾਈਡ ਟੂ ਕਨੇਡੀਅਨ ਬੁਧੀਜ਼ਮ
**(The Sumeru Guide to Canadian Buddhism)**
ਵੈਬਸਾਈਟ: *www.directory.sumeru-books.com > Search Edmonton*

### ਕਰਿਸਚਨ (Christian)

ਐਡਮੰਟਨ ਵਿੱਚ ਬਹੁਤ ਸਾਰੇ ਕਰਿਸਚਨ ਚਰਚਾਂ ਦੀ ਸੂਚੀ ਲਈ ਇਸ ਜਾਣਕਾਰੀ ਦੀ ਵਰਤੋਂ ਕਰੋ:

ਐਡਮੰਟਨ ਡਿਸਟਰਿਕਟ ਕਊਂਸਲ ਆਫ਼ ਚਰਚਜ਼
**(Edmonton District Council of Churches)**
ਫ਼ੋਨ: 780-469-1010
ਵੈਬਸਾਈਟ: *www.edccunity.org > Links*

ਐਂਗਲੀਕਨ ਡਾਇਓਸਿਸ ਆਫ਼ ਐਡਮੰਟਨ
**(Anglican Diocese of Edmonton)**
ਫ਼ੋਨ: 780-439-7344
ਵੈਬਸਾਈਟ: *www.edmonton.anglican.org > parishes*

ਕੈਥੋਲਿਕ ਆਰਚਡਾਇਓਸਿਸ ਆਫ਼ ਐਡਮੰਟਨ
**(Catholic Archdiocese of Edmonton)**
ਫ਼ੋਨ: **780-469-1010**
ਵੈਬਸਾਈਟ: *www.caedm.ca > parishes*

ਕਰਿਸਚਨ ਰਿਫ਼ੋਰਮਡ ਚਰਚ
**(Christian Reformed Church)**
ਕਲਾਸੀਸ ਅਲਬਰਟਾ ਨੌਰਥ (Classis Alberta North)
ਵੈਬਸਾਈਟ: *www.classisalbertanorth.org > Churches*

ਚਰਚ ਆਫ਼ ਜੀਸਜ਼ ਕਰਾਈਸਟ ਆਫ਼ ਲੈਟਰ-ਡੇਅ-ਸੇਂਟਸ (ਮੋਰਮਨ) **(Church of Jesus Christ of Latter-Day Saints (Mormon)**
ਫ਼ੋਨ: 780-434-7436
ਵੈਬਸਾਈਟ: *www.ldschurchtemples.com > Maps > Edmonton Alberta Temple*

**ਇਵੈਂਜਿਲੀਕਲ ਲੂਥਰਨ ਚਰਚ ਇਨ ਕੈਨੇਡਾ (Evangelical Lutheran Church in Canada)**
ਸਿਨਅਡ ਆਫ਼ ਅਲਬਰਟਾ ਐਂਡ ਨੌਰਥਵੈਸਟ ਟੈਰੀਟੋਰੀਜ਼ (Synod of Alberta and Northwest Territories)
ਫ਼ੋਨ: 780-440-9661
*ਵੈਬਸਾਈਟ: www.albertasynod.ca > People > Congregation*

**ਕਨੇਡੀਅਨ ਕੌਨਫ਼ਰੰਸ ਆਫ਼ ਮੈਨੋਨਾਈਟ ਬਰਦਰਨ ਚਰਚਜ਼ (Canadian Conference of Mennonite Brethren Churches)**
*ਵੈਬਸਾਈਟ: www.mbconf.ca > Find a Church*

**ਰਿਲਿਜੀਅਸ ਸੋਸਾਇਟੀ ਆਫ਼ ਫ਼ਰੈਂਡਜ਼ ਐਡਮੰਟਨ (ਕੁਐਕਰਜ਼) (Religious Society of Friends Edmonton (Quakers)**
*ਵੈਬਸਾਈਟ:* www.edmontonquakers.org

**ਸਾਲਵੇਸ਼ਨ ਆਰਮੀ (Salvation Army)**
ਅਲਬਰਟਾ ਐਂਡ ਨੌਰਦਰਨ ਟੈਰੀਟੋਰੀਜ਼ ਡਿਵੀਜ਼ਨ (Alberta and Northern Territories Division)
ਫ਼ੋਨ: 780-412-2725
*ਵੈਬਸਾਈਟ:* www.salvationarmy.ca/alberta > Locations

**ਯੁਕਰੇਨੀਅਨ ਕੈਥੋਲਿਕ ਇਪਾਰਚੀ ਆਫ਼ ਐਡਮੰਟਨ (Ukrainian Catholic Eparchy of Edmonton)**
ਫ਼ੋਨ: 780-424-5496
ਵੈਬਸਾਈਟ: *www.edmontoneparchy.com > Parishes*

**ਯੂਨਾਈਟਡ ਚਰਚ ਆਫ਼ ਕੈਨੇਡਾ - ਐਡਮੰਟਨ ਪਰੈਸਬੀਟੇਰੀ (United Church of Canada – Edmonton Presbytery)**
ਫ਼ੋਨ: 780-438-6619
*ਵੈਬਸਾਈਟ: www.uccedm.org > Directory*

## ਏਕੰਕਾਰ (Eckankar)

**ਐਡਮੰਟਨ ਏਕੰਕਾਰ ਸੈਂਟਰ (Edmonton Eckankar Centre)**
ਫ਼ੋਨ: 780-490-1129
*ਵੈਬਸਾਈਟ: www.eckankar-ab.ca > Edmonton*

## ਹਿੰਦੂ (Hindu)

*ਵੈਬਸਾਈਟ: www.sandhira.com > Places of Worship*

## ਜੈਨ (Jain)

**ਜੈਨ ਸੋਸਾਇਟੀ ਆਫ਼ ਅਲਬਰਟਾ (Jain Society of Alberta)**
ਫ਼ੋਨ: 780-435-9070
*ਵੈਬਸਾਈਟ: www.jaina.org> Centres > Canada > AB - Jain Society of Alberta*

## ਯਹੂਦੀਆਂ ਬਾਰੇ (Jewish)

**ਬੈਥ ਇਜ਼ਰੇਅਲ ਸਿਨੇਗੋਗ (Beth Israel Synagogue)**
ਫ਼ੋਨ: 780-488-2840
*ਵੈਬਸਾਈਟ: www.familyshul.org*

**ਬੈਥ ਸ਼ੈਲੋਮ ਸਿਨੇਗੋਗ (Beth Shalom Synagogue)**
ਫ਼ੋਨ: 780-488-6333
*ਵੈਬਸਾਈਟ: www.edmontonbethshalom.org*

**ਹਬਾਡ ਲੁਬਾਵਿਚ ਆਫ਼ ਐਡਮੰਟਨ (Chabad Lubavitch of Edmonton)**
*ਵੈਬਸਾਈਟ: www.chabadedmonton.org*

**ਟੈਂਪਲ ਬੈਥ ਓਰਾ (Temple Beth Ora)**
ਫ਼ੋਨ: 780-487-4817
*ਵੈਬਸਾਈਟ: www.templebethora.org*

## ਮੁਸਲਮਾਨ (Muslim)

ਐਡਮੰਟਨ ਵਿੱਚ ਦੱਸ ਤੋਂ ਵੀ ਵੱਧ ਮਸੀਤਾਂ ਹਨ। ਕਿਸੇ ਵੀ ਮਸੀਤ ਬਾਰੇ ਜਾਨਣ ਲਈ, ਇਸ ਵੈਬਸਾਈਟ ਤੇ ਜਾਓ:
*ਵੈਬਸਾਈਟ: www.edmontonmuslims.com > Edmonton Mosques*

**ਦੀ ਐਡਮੰਟਨ ਕਊਂਸਲ ਆਫ਼ ਮੁਸਲਿਮ ਕਮਿਊਨੀਟੀਜ਼ (The Edmonton Council of Muslim Communities)**
ਐਡਮੰਟਨ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਇਹ ਇਕ ਬਹੁਤ ਵਿਸਤਿਰਤ ਰੂਪ ਵਿੱਚ ਫੈਲਿਆ ਹੋਇਆ ਇਸਲਾਮੀ ਸੰਸਥਾਵਾਂ ਅਤੇ ਭਾਈਚਾਰਿਆਂ ਦਾ ਸੰਗਠਨ ਹੈ।
*ਵੈਬਸਾਈਟ: www.theecmc.com*

## ਸਿਖ (Sikh)

**ਗੁਰਦੁਆਰਾ ਮਿਲਵੁਡਜ਼ – ਰਾਮਗੜ੍ਹੀਆ ਗੁਰਸਿਖ ਸੋਸਾਇਟੀ**
ਫ਼ੋਨ: 780-450-0322
*ਵੈਬਸਾਈਟ: www.gurdwaramillwoods.com*

**ਗੁਰਦੁਆਰਾ ਨਾਨਕਸਰ (ਨਾਨਕਸਰ ਗੁਰਦੁਆਰਾ ਗੁਰਸਿਖ ਟੈਂਪਲ)**
ਫ਼ੋਨ: 780-472-6335
*ਵੈਬਸਾਈਟ: www.worldgurudwara.com > Canada > Alberta*

**ਗੁਰਦੁਆਰਾ ਸਿਖ ਸੋਸਾਇਟੀ (ਸਿਖ ਸੋਸਾਇਟੀ ਆਫ਼ ਅਲਬਰਟਾ)**
ਫ਼ੋਨ: 780-451-4519

**ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ**
ਫ਼ੋਨ: 780-462-7454
*ਵੈਬਸਾਈਟ: www.gsgssedmonton.org*

## ਟਾਓਇਸਟ (Taoist)

**ਫ਼ੰਗ ਲੋਇ ਕੋਕ ਇਨਸਟੀਚਿਊਟ ਆਫ਼ ਟਾਓਇਜ਼ਮ (Fung Loy Kok Institute of Taoism)**
ਫ਼ੋਨ: 780-489-4293
*ਵੈਬਸਾਈਟ: www.western.canada.taoist.org > Edmonton*

## ਯੂਨੀਟੇਰੀਅਨ (Unitarian)

**ਯੂਨੀਟੇਰੀਅਨ ਚਰਚ ਆਫ਼ ਐਡਮੰਟਨ (Unitarian Church of Edmonton)**
ਫ਼ੋਨ: 780-454-8073
*ਵੈਬਸਾਈਟ: www.uce.ca*

**ਵੈਸਟਵੁਡ ਯੂਨੀਟੇਰੀਅਨ ਕੌਂਗਰਗੇਸ਼ਨ (Westwood Unitarian Congregation)**
ਫ਼ੋਨ: 780-434-5819
*ਵੈਬਸਾਈਟ: www.westwoodunitarian.ca*

## ਜ਼ੋਰੈਸਟਰੀਅਨ (Zoroastrian)

ਫ਼ੋਨ: 780-484-0979



# ਐਡਮੰਟਨ ਵਿੱਚ ਭੋਜਨ

## ਜਾਤੀ ਭੋਜਨ

ਹਰ ਸਭਿਅਤਾ ਵਿੱਚ ਭੋਜਨ ਦੀ ਬਹੁਤ ਮਹੱਤਤਾ ਹੈ। ਐਡਮੰਟਨ ਵਿੱਚ ਬਹੁ-ਸਭਿਅਕ ਭਾਈਚਾਰਾ ਬਹੁਤ ਵੱਡਾ ਹੈ, ਅਤੇ ਇੱਥੇ ਖਾਣਾ ਵੀ ਦੁਨੀਆ ਦੇ ਹਰ ਭਾਗ ਦਾ ਮਿਲ ਜਾਂਦਾ ਹੈ। ਬਹੁਤ ਸਾਰੇ ਵੱਡੇ ਬਾਜ਼ਾਰਾਂ (supermarkets), ਸਹੂਲਤੀ ਸਟੋਰ (convenience store) ਅਤੇ ਵਿਸ਼ੇਸ਼ ਸਾਮਾਨ (specialty shops) ਵੇਚਣ ਵਾਲੀਆਂ ਦੁਕਾਨਾਂ ਤੋਂ ਇਲਾਵਾ ਨਵੇਂ ਆਏ ਵਸਨੀਕ ਆਪਣੀ ਪਸੰਦ ਦਾ ਜਾਣਿਆ ਪਛਾਣਿਆ ਖਾਣ ਦਾ ਸਾਮਾਨ ਮਾਰਕਿਟ, ਫ਼ੂਡ ਬੈਂਕਸ (food banks ) ਅਤੇ ਘੱਟ ਕੀਮਤ ਤੇ ਖਾਣ ਦਾ ਸਾਮਾਨ ਵੇਚਣ ਵਾਲੇ ਸਹਿਯੋਗੀਆਂ (cooperatives) ਤੋਂ ਵੀ ਖਰੀਦ ਸਕਦੇ ਹਨ। ਆਪਣੀ ਜਾਤੀ ਨਾਲ ਸਬੰਧਤ ਭੋਜਨ ਦੇ ਸਟੋਰ ਵਾਸਤੇ:

*ਇੰਟਰਨੈਟ ਤੇ ਖੋਜ ਕਰੋ: Ethnic Food Edmonton*

## ਹਲਾਲ ਗੋਸ਼ਤ ਦੇ ਸਟੋਰ

ਹਲਾਲ ਗੋਸ਼ਤ ਦੇ ਸਟੋਰ ਸਾਰੇ ਐਡਮੰਟਨ ਵਿੱਚ ਹਨ ਅਤੇ ਉਹ ਮੁਸਲਮਾਨ ਨਾਗਰਿਕਾਂ ਨੂੰ ਹਲਾਲ ਗੋਸ਼ਤ ਤੇ ਗਰੋਸਰੀਜ਼ (groceries) ਵੇਚਦੇ ਹਨ।
*ਵੈਬਸਾਈਟ: www.edmontonmuslims.com > Halal Meat*

## ਭਾਈਚਾਰਕ ਬਾਗ (Community Gardens)

ਜੋ ਵਿਅਕਤੀ ਆਪਣੀ ਖੁਰਾਕ ਦਾ ਸਾਮਾਨ ਆਪ ਉਗਾਉਣਾ ਚਾਹੁੰਦੇ ਹਨ ਪਰ ਉਨ੍ਹਾਂ ਨੂੰ ਇਸ ਲਈ ਜ਼ਮੀਨ ਦੀ ਜ਼ਰੂਰਤ ਹੈ, ਐਡਮੰਟਨ ਸ਼ਹਿਰ ਦੇ ਪ੍ਰਬੰਧਕ ਉਨ੍ਹਾਂ ਨਗਰ ਵਾਸੀਆਂ ਦੀ ਭਾਈਚਾਰਕ ਬਾਗ ਦੇ ਇਸ ਉਦੱਮ ਵਿੱਚ ਸਹਿਯੋਗ ਦੇਂਦੇ ਹਨ। ਐਡਮੰਟਨ ਵਿੱਚ ਭਾਵੇਂ ਪੌਦੇ ਉਗਾਉਣ ਦਾ ਮੌਸਮ ਹੋਰ ਥਾਵਾਂ ਨਾਲੋਂ ਕਾਫ਼ੀ ਘੱਟ ਹੈ, ਫ਼ਿਰ ਵੀ ਐਡਮੰਟਨ ਵਾਸੀ ਆਪਣੀ ਖੁਰਾਕ ਦਾ ਸਾਮਾਨ ਆਪ ਉਗਾ ਕੇ ਖੁਸ਼ ਹੁੰਦੇ ਹਨ।

ਭਾਈਚਾਰਕ ਬਾਗਾਂ ਦੀ ਸੂਚੀ ਲਈ ਸਸਟੇਨੇਬਲ ਫ਼ੂਡ ਐਡਮੰਟਨ (Sustainable Food Edmonton) ਤੇ ਜਾਓ।
*ਵੈਬਸਾਈਟ: www.sustainablefoodedmonton.org*

ਭਾਈਚਾਰਕ ਬਾਗਾਂ ਬਾਰੇ ਵਧੇਰੇ ਜਾਣਕਾਰੀ ਲਈ:

*ਵੈਬਸਾਈਟ: www.edmonton.ca > Residential & Neighbourhoods > Gardens, Lawns, Trees > Community Gardens*



## ਆਪ ਚੁਣਨ ਵਾਲੇ ਖੇਤ (U-PICK FARMS)

ਇਹ ਕੇਵਲ ਗਰਮੀ ਤੇ ਪੱਤਝੜ ਦੇ ਮਹੀਨਿਆਂ ਵਿੱਚ ਹੀ ਖੁਲ੍ਹਦੇ ਹਨ। ਕੋਈ ਵੀ ਕਾਰ ਚਲਾ ਕੇ ਇਨ੍ਹਾਂ ਖੇਤਾਂ ਤੇ ਜਾ ਸਕਦਾ ਹੈ ਅਤੇ ਪੈਸੇ ਦੇ ਕੇ ਆਪ ਆਪਣੀ ਮਰਜ਼ੀ ਅਨੁਸਾਰ ਫਲ ਸਬਜ਼ੀਆਂ ਤੋੜ ਕੇ ਘਰ ਲੈ ਆ ਸਕਦਾ ਹੈ।

### ਪ੍ਰੇਰੀ ਗਾਰਡਨਜ਼ ਐਡਵੈਂਚਰ ਫ਼ਾਰਮ (Prairie Gardens Adventure Farm)

ਫ਼ੋਨ: 780-921-2272
ਰੋਜ਼ਾਨਾ (ਅਪ੍ਰੈਲ – ਅਕਤੂਬਰ)
ਵੈਬਸਾਈਟ: *www.prairiegardens.org*

### ਹੈਪੀ ਏਕਰਜ਼ ਯੂ-ਪਿਕ (Happy Acres U-Pick)

ਫ਼ੋਨ: 780-968-0099
ਬੁੱਧਵਾਰ – ਐਤਵਾਰ
(ਜੂਨ – ਅਕਤੂਬਰ)
ਵੈਬਸਾਈਟ: *www.happyacresupick.ca*

## ਕਿਸਾਨਾਂ ਦੇ ਬਜ਼ਾਰ (FARMERS' MARKETS)

ਐਡਮੰਟਨ ਦੇ ਇਲਾਕੇ ਵਿੱਚ ਖੇਤੀ-ਬਾੜੀ ਕਰਨ ਵਾਲੇ ਛੋਟੇ ਕਿਸਾਨਾਂ ਨੂੰ, ਕਿਸਾਨਾਂ ਦੇ ਇਸ ਬਜ਼ਾਰ ਵਿੱਚ ਆਪਣੀ ਤਾਜ਼ੀ ਉਪਜ ਜਿਸ ਵਿੱਚ ਮਾਸ ਤੇ ਸਬਜ਼ੀਆਂ ਵੀ ਸ਼ਾਮਲ ਹਨ, ਵੇਚਣ ਦਾ ਮੌਕਾ ਮਿਲ ਜਾਂਦਾ ਹੈ। ਕਿਸਾਨਾਂ ਦੇ ਬਜ਼ਾਰ ਦੀ ਸੂਚੀ ਹਮੇਸ਼ਾਂ ਬਦਲਦੀ ਰਹਿੰਦੀ ਹੈ ਕਿਉਂਕਿ ਇਹ ਨਵੇਂ ਸ਼ੁਰੂ ਹੁੰਦੇ ਰਹਿੰਦੇ ਹਨ।

ਕਿਸਾਨਾਂ ਦੇ ਬਜ਼ਾਰ ਦੀ ਮੌਜੂਦਾ ਸੂਚੀ ਜਾਂ ਵਧੇਰੇ ਜਾਣਕਾਰੀ ਲਈ 311 ਨੰਬਰ ਤੇ ਫ਼ੋਨ ਕਰੋ ਜਾਂ ਮੇਡ ਅਰਬਨ (Made Urban) ਵੈਬਸਾਈਟ ਤੇ ਜਾਓ:

*ਵੈਬਸਾਈਟ: www.madeurban.com*

### ਕਾਲਿੰਗਵੁਡ ਫ਼ਾਰਮਰਜ਼ ਮਾਰਕਿਟ (Callingwood Farmers' Market)

ਐਤਵਾਰ ਸਵੇਰੇ 10:00 – ਸ਼ਾਮ 3:00 ਵਜੇ, ਬੁੱਧਵਾਰ ਸ਼ਾਮ 2:00 – ਸ਼ਾਮ 6:00 ਵਜੇ (ਮਈ – ਅਕਤੂਬਰ)

ਫ਼ੋਨ: 780-487-8649
*ਵੈਬਸਾਈਟ: www.callingwoodmarketplace.com > Farmers' Market*

### ਸਿਟੀ ਮਾਰਕਿਟ ਡਾਊਨਟਾਊਨ (City Market Downtown)

ਹਰ ਸਨਿੱਚਰਵਾਰ ਸਵੇਰੇ 9:00 – ਸ਼ਾਮ 3:00 ਵਜੇ ਸਿਟੀ ਹਾਲ (City Hall) (ਸਾਰਾ ਸਾਲ)

ਫ਼ੋਨ: 780-429-5713
*ਵੈਬਸਾਈਟ: www.city-market.ca*

### ਐਡਮੰਟਨ ਵੈਲੀ ਜ਼ੂ – ਐਂਟਰੈਂਸ ਪਲਾਜ਼ਾ (Edmonton Valley Zoo – Entrance Plaza)

ਮੰਗਲਵਾਰ ਦੁਪਿਹਰ 12:00 – ਸ਼ਾਮ 6:00 ਵਜੇ (ਜੂਨ – ਸਤੰਬਰ 9)

### ਓਲਡ ਸਟਰੈਥਕੋਨਾ ਫ਼ਾਰਮਰਜ਼ ਮਾਰਕਿਟ (Old Strathcona Farmers' Market)

ਹਰ ਸਨਿੱਚਰਵਾਰ ਸਵੇਰੇ 8:00 – ਸ਼ਾਮ 3:00 ਵਜੇ (ਸਾਰਾ ਸਾਲ)

ਫ਼ੋਨ: 780-439-1844
ਪਤਾ: 10310 83 Ave
*ਵੈਬਸਾਈਟ: www.osfm.ca*

### ਸਾਊਥ ਕਾਮਨ ਫ਼ਾਰਮਰਜ਼ ਮਾਰਕਿਟ (South Common Farmers' Market))

ਹਰ ਸਨਿੱਚਰਵਾਰ ਤੇ ਹਰ ਐਤਵਾਰ ਸਵੇਰੇ 10:00 – ਸ਼ਾਮ 4:00 ਵਜੇ (ਅਪ੍ਰੈਲ - ਅਕਤੂਬਰ)

ਫ਼ੋਨ: 780-686-5882
*ਵੈਬਸਾਈਟ: www.southcommonmarket.ca*

### ਸਾਊਥਵੈਸਟ ਐਡਮੰਟਨ ਫ਼ਾਰਮਰਜ਼ ਮਾਰਕਿਟ (Southwest Edmonton Farmers' Market)

ਬੁੱਧਵਾਰ ਸ਼ਾਮ 4:30 – ਸ਼ਾਮ 7:30 ਵਜੇ
(ਮਈ - ਅਕਤੂਬਰ)
*ਵੈਬਸਾਈਟ: www.swefm.ca*

## ਭਾਈਚਾਰਕ ਭੋਜਨ (COMMUNITY MEALS)

ਭਾਈਚਾਰਕ ਭੋਜਨ (Community Meals) ਇਕ ਅਜਿਹੀ ਸੂਚੀ ਹੈ ਜਿਸ ਵਿੱਚ ਐਡਮੰਟਨ ਦੀਆਂ ਉਨ੍ਹਾਂ ਸਭ ਥਾਵਾਂ ਤੇ ਸੰਸਥਾਵਾਂ ਦਾ ਜ਼ਿਕਰ ਹੈ ਜਿੱਥੇ ਲੋੜਵੰਦ ਨਗਰ ਵਾਸੀਆਂ ਨੂੰ ਮੁਫ਼ਤ ਭੋਜਨ ਦਿਤਾ ਜਾਂਦਾ ਹੈ।

*ਵੈਬਸਾਈਟ:* ***www.edmontonsfoodbank.com > Community Meals***

## ਦੀ ਐਡਮੰਟਨ ਫ਼ੂਡ ਬੈਂਕ (THE EDMONTON FOOD BANK)

ਦੀ ਐਡਮੰਟਨ ਫ਼ੂਡ ਬੈਂਕ (The Edmonton Food Bank) ਐਡਮੰਟਨ ਦੇ ਉਨ੍ਹਾਂ ਵਸਨੀਕਾਂ ਲਈ ਹੈ ਜਿਨ੍ਹਾਂ ਕੋਲ ਭੋਜਨ ਦੀ ਕਮੀ ਹੈ ਅਤੇ ਜੋ ਪੈਸੇ ਨਾ ਹੋਣ ਕਰਕੇ ਭੋਜਨ ਖਰੀਦ ਨਹੀਂ ਸਕਦੇ। ਜਿਨ੍ਹਾਂ ਨੂੰ ਜ਼ਰੂਰਤ ਹੈ, ਫ਼ੂਡ ਬੈਂਕ ਉਨ੍ਹਾਂ ਨੂੰ ਮੁਫ਼ਤ ਭੋਜਨ ਦੇਂਦਾ ਹੈ।

**ਫ਼ੋਨ: 780-425-4190**
*ਵੈਬਸਾਈਟ:* ***www. edmontonsfoodbank.com***

## ਵੂਈਕੈਨ ਫ਼ੂਡ ਬਾਸਕਿਟ (WECAN FOOD BASKET)

ਦੀ ਵੂਈਕੈਨ ਫ਼ੂਡ ਬਾਸਕਿਟ (The WECAN Food Basket) ਲੋੜਵੰਦ ਨਗਰ ਵਾਸੀਆਂ ਨੂੰ ਉਨ੍ਹਾਂ ਦੀ ਪੁੱਜਤ ਅਨੁਸਾਰ ਕੀਮਤਾਂ ਤੇ ਖਾਣ ਦੇ ਪਦਾਰਥ ਦੇਂਦੇ ਹਨ।

**ਫ਼ੋਨ: 780-413-4525**
*ਵੈਬਸਾਈਟ:* ***www.wecanfood.com***





## ਜੰਗਲੀ ਖ਼ੁਰਾਕ

**ਖਾਣ ਯੋਗ ਪੌਦੇ:**

ਪ੍ਰੇਰੀਜ਼ ਅਤੇ ਐਡਮੰਟਨ ਦੇ ਇਲਾਕੇ ਵਿੱਚ ਖਾਣ ਵਾਲੇ ਇਹ ਪੌਦੇ ਮਿਲ ਸਕਦੇ ਹਨ। ਐਡਮੰਟਨ ਦੇ ਇਲਾਕੇ ਵਿੱਚ ਇਹ ਆਪੇ ਉੱਗਣ ਵਾਲੇ ਖਾਣ ਯੋਗ ਪੌਦਿਆਂ ਦੀ ਸੂਚੀ ਤੁਹਾਨੂੰ ਇਸ ਵੈਬਸਾਈਟ ਤੇ ਜਾ ਕੇ ਮਿਲ ਸਕਦੀ ਹੈ:

*ਵੈਬਸਾਈਟ:* ***www.northernbushcraft.com > Wild edible plants***


**ਜੰਗਲੀ ਜਾਨਵਰ/ਸ਼ਿਕਾਰ/ਮੱਛੀਆਂ ਪਕੜਨ ਦੇ ਨਿਯਮ:**

ਤੁਸੀਂ ਮਾਸ ਜਾਂ ਮੱਛੀ ਲਈ ਸ਼ਿਕਾਰ ਐਡਮੰਟਨ ਸ਼ਹਿਰ ਦੀਆਂ ਹੱਦਾਂ ਤੋਂ ਬਾਹਰ ਕਰ ਸਕਦੇ ਹੋ ਪਰ ਇਸ ਲਈ ਬਹੁਤ ਸਖ਼ਤ ਕਾਨੂੰਨ ਲਾਗੂ ਹਨ।

**ਅਲਬਰਟਾ ਹੰਟਿਗ ਰੈਗੂਲੇਸ਼ਨਜ਼ (Alberta Hunting Regulations)**
*ਵੈਬਸਾਈਟ:* ***www.albertaregulations.ca > Alberta Hunting Regulations***

**ਅਲਬਰਟਾ ਫ਼ਿਸ਼ਿੰਗ ਰੈਗੂਲੇਸ਼ਨਜ਼ (Alberta Fishing Regulations)**
*ਵੈਬਸਾਈਟ:* ***www.albertaregulations.ca > Alberta Fishing Regulations***

**ਅਲਬਰਟਾ ਟਰੈਪਿੰਗ ਰੈਗੂਲੇਸ਼ਨਜ਼ (Alberta Trapping Regulations)**
*ਵੈਬਸਾਈਟ:* ***www.albertaregulations.ca > Alberta Trapping Regulations***




# ਕੁੱਤੇ, ਬਿੱਲੀਆਂ ਅਤੇ ਹੋਰ ਪਾਲਤੂ ਜਾਨਵਰ

**ਕੈਨੇਡਾ ਵਿੱਚ ਇਹ ਆਮ ਰਵਾਇਤ ਹੈ ਕਿ ਨਾਗਰਿਕ ਆਪਣੇ ਘਰਾਂ ਵਿੱਚ ਪਾਲਤੂ ਜਾਨਵਰ ਰਖਦੇ ਹਨ। ਬਾਈਲਾਅ #13145 (Bylaw #13145) ਦੇ ਅਧੀਨ ਐਡਮੰਟਨ ਸ਼ਹਿਰ ਦੇ ਪ੍ਰਬੰਧਕ ਇਹ ਮੰਗ ਕਰਦੇ ਹਨ ਕਿ ਸਾਰੇ ਕੁੱਤੇ ਤੇ ਬਿੱਲੀਆਂ ਦੇ ਹਰ ਸਾਲ ਲਾਈਸੈਂਸ ਬਣਾਏ ਜਾਣ।**

ਇਸ ਗਲ ਵਲ ਉਚੇਚਾ ਧਿਆਨ ਦੇਣਾ ਜ਼ਰੂਰੀ ਹੈ ਕਿ ਸਾਰੇ ਪਾਲਤੂ ਜਾਨਵਰਾਂ ਦਾ ਘਰਾਂ ਵਿੱਚ ਪੂਰੀ ਤਰ੍ਹਾਂ ਖਿਆਲ ਰਖਿਆ ਜਾਏ। ਜੇ ਤੁਸੀਂ ਕੋਈ ਬਿੱਲੀ ਬਾਹਰ ਆਪਣੇ ਮਾਲਕ ਤੋਂ ਬਿਨਾ ਦੇਖੋ ਤਾਂ ਤੁਸੀਂ ਉਸਨੂੰ ਐਨੀਮਲ ਕੇਅਰ ਐਂਡ ਕੰਟਰੋਲ ਸੈਂਟਰ (Animal Care and Control Centre (13550 - 163 St. NW) ਤੇ ਲੈ ਜਾ ਸਕਦੇ ਹੋ। ਜੇ ਤੁਹਾਨੂੰ ਕੋਈ ਕੁੱਤਾ ਆਪਣੇ ਮਾਲਕ ਤੋਂ ਬਿਨਾ ਨਜ਼ਰ ਆਏ ਤਾਂ 311 ਨੰਬਰ ਤੇ ਫ਼ੋਨ ਕਰਕੇ ਉਨ੍ਹਾਂ ਨੂੰ ਕੁੱਤੇ ਨੂੰ ਲੈ ਜਾਣ ਲਈ ਬੇਨਤੀ ਕਰੋ। ਪਾਲਤੂ ਜਾਨਵਰਾਂ ਨੂੰ ਇੱਥੇ ਥੋੜੇ ਸਮੇਂ ਲਈ ਰਖਿਆ ਜਾਏਗਾ ਤਾਂ ਕਿ ਉਨ੍ਹਾਂ ਦੇ ਮਾਲਕ ਉਨ੍ਹਾਂ ਨੂੰ ਆ ਕੇ ਲੈ ਜਾਣ। ਜੇ ਪਾਲਤੂ ਜਾਨਵਰ ( ਕੁੱਤਾ ਜਾਂ ਬਿੱਲੀ) ਨੂੰ ਮਾਲਕ ਆ ਕੇ ਲੈ ਜਾਣ, ਤਾਂ ਮਾਲਕ ਨੂੰ ਜੁਰਮਾਨੇ ਦੇ ਨਾਲ ਨਾਲ ਆਪਣੇ ਪਾਲਤੂ ਜਾਨਵਰ ਲਈ ਲਾਈਸੈਂਸ

ਵੀ ਲੈਣਾ ਪਵੇਗਾ। ਜੇ ਨਿਸ਼ਚਿਤ ਸਮੇਂ ਦੇ ਅੰਦਰ ਮਾਲਕ ਆਪਣਾ ਤੰਦਰੁਸਤ ਬਿੱਲੀ ਜਾਂ ਕੁੱਤਾ ਲੈ ਕੇ ਨਹੀਂ ਜਾਂਦੇ ਤਾਂ ਐਨੀਮਲ ਕੇਅਰ ਐਂਡ ਕੰਟਰੋਲ ਸੈਂਟਰ (Animal Care and Control Centre) ਉਸ ਜਾਨਵਰ ਲਈ ਨਵਾਂ ਮਾਲਕ ਲੱਭਣ ਦਾ ਯਤਨ ਕਰਨਗੇ।

ਕੁੱਤਿਆਂ ਨੂੰ ਬਾਹਰ ਖੁਲ੍ਹਾ ਦੌੜਨ ਲਈ ਨਹੀਂ ਛਡਿਆ ਜਾ ਸਕਦਾ। ਇਹ ਜ਼ਰੂਰੀ ਹੈ ਕਿ ਉਹ ਬਾਹਰ ਸੰਗਲੀ ਨਾਲ ਬੱਝੇ ਹੋਣ। ਸੰਗਲੀ ਤੋਂ ਬਗ਼ੈਰ ਕੁੱਤੇ ਸੰਗਲੀ ਤੋਂ ਬਿਨਾ ਕੁੱਤਿਆਂ ਦੇ ਪਾਰਕ (off-leash dog park) ਵਿੱਚ ਹੀ ਹੋ ਸਕਦੇ ਹਨ।

ਇਹ ਵੀ ਜ਼ਰੂਰੀ ਹੈ ਕਿ ਪਾਲਤੂ ਜਾਨਵਰਾਂ ਦੇ ਮਾਲਕ ਆਪਣੇ ਜਾਨਵਰਾਂ ਵਲੋਂ ਛੱਡੇ ਗਏ ਕਿਸੇ ਵੀ ਗੰਦ ਨੂੰ ਚੁੱਕਣ ਅਤੇ ਸਹੀ ਜਗ੍ਹਾ ਤੇ ਸੁੱਟਣ। ਜੇ ਉਹ ਅਜਿਹਾ ਨਹੀਂ ਕਰਦੇ ਤਾਂ ਉਨ੍ਹਾਂ ਨੂੰ ਜੁਰਮਾਨਾ ਦੇਣਾ ਪਵੇਗਾ।

ਕੁੱਤਿਆਂ, ਬਿੱਲੀਆਂ, ਅਤੇ ਹੋਰ ਪਾਲਤੂ-ਜਾਨਵਰਾਂ ਸਬੰਧੀ ਬਾਈਲਾਜ਼ (bylaws) ਬਾਰੇ ਵਧੇਰੇ ਜਾਣਕਾਰੀ ਲਈ:

ਫ਼ੋਨ: 311
*ਵੈਬਸਾਈਟ: www.edmonton.ca/pets*



# ਗੰਦ-ਪ੍ਰਬੰਧ ਅਤੇ ਮੁੜ-ਵਰਤੋਂ (WASTE MANAGEMENT AND RECYCLING)



## ਐਡਮੰਟਨ ਦਾ ਮੁੜ-ਵਰਤੋਂ ਅਤੇ ਗੰਦ-ਪ੍ਰਬੰਧ ਦਾ ਪ੍ਰੋਗਰਾਮ ਦੁਨੀਆ ਦੇ ਇਕ ਸਭ ਤੋਂ ਉੱਤਮ ਪ੍ਰੋਗਰਾਮਾਂ ਵਿਚੋਂ ਹੈ।

ਸ਼ਹਿਰ ਦੇ ਪ੍ਰਬੰਧਕ ਕਾਗਜ਼, ਸ਼ੀਸ਼ਾ, ਗੱਤਾ, ਧਾਤਾਂ ਅਤੇ ਪਲਾਸਟਿਕ ਨੂੰ ਰੀਸਾਈਕਲ (ਮੁੜ-ਵਰਤੋਂ ਦੇ ਯੋਗ) ਕਰਦੇ ਹਨ। ਜੇ ਤੁਸੀਂ ਘਰ, ਡੂਪਲੈਕਸ ਜਾਂ ਫ਼ੋਰਪਲੈਕਸ ਵਿੱਚ ਰਹਿੰਦੇ ਹੋ ਤਾਂ ਰੀਸਾਈਕਲ ਹੋਣ ਵਾਲੀਆਂ ਚੀਜ਼ਾਂ ਲਈ ਨੀਲੇ ਰੰਗ ਦੇ ਬੈਗ ਦੀ ਵਰਤੋਂ ਕਰੋ। ਸ਼ਹਿਰ ਦੇ ਪ੍ਰਬੰਧਕ ਇਸ ਨੂੰ ਤੁਹਾਡੇ ਹੋਰ ਘਰ ਦੇ ਗਾਰਬੇਜ (ਗੰਦ) ਨਾਲ ਚੁੱਕ ਕੇ ਲੈ ਜਾਣਗੇ। ਜੇ ਤੁਸੀਂ ਅਪਾਰਟਮੈਂਟ, ਕੌਂਡੋ ਜਾਂ ਟਉਨ ਹਉਸ ਵਿੱਚ ਰਹਿੰਦੇ ਹੋ ਤਾਂ ਤੁਸੀਂ ਨੀਲੇ ਡੱਬੇ (blue bin) ਦੇ ਪ੍ਰੋਗਰਾਮ ਵਿੱਚ ਭਾਗ ਲੈ ਸਕਦੇ ਹੋ। ਆਪਣੇ ਰੀਸਾਈਕਲ ਹੋਣ ਵਾਲੇ ਸਾਮਾਨ ਨੂੰ ਤੁਸੀਂ ਸ਼ਹਿਰ ਵਿੱਚ ਕਈ ਥਾਵਾਂ ਤੇ ਸਥਿੱਤ ਬਹੁਤ ਸਾਰੇ ਰੀਸਾਈਕਲਿੰਗ ਡਿਪੋਜ਼ (recycling depots) ਵਿਚੋਂ ਕਿਸੇ ਇਕ ਤੇ ਵੀ ਲੈ ਜਾ ਸਕਦੇ ਹੋ।

ਆਪਣੇ ਰੀਸਾਈਕਲਿੰਗ ਸਾਮਾਨ ਦੇ ਚੁੱਕੇ ਜਾਣ ਦੀ ਸਮਾਂ-ਸੂਚੀ ਅਤੇ ਰੀਸਾਈਕਲਿੰਗ ਡਿਪੋਜ਼ (recycling depots) ਦੇ ਪਤੇ ਜਾਨਣ ਲਈ ਇਸ ਵੈਬਸਾਈਟ ਤੇ ਜਾਓ:
ਵੈਬਸਾਈਟ: *www.edmonton.ca > Garbage & Recycling*

ਖਾਲੀ ਬੋਤਲਾਂ ਤੇ ਕੈਨਜ਼ (cans) ਨੂੰ ਬੋਟਲ ਡਿਪੋ (bottle depot) ਤੇ ਦੇ ਕੇ ਤੁਸੀਂ ਨਕਦ ਪੈਸੇ ਲੈ ਸਕਦੇ ਹੋ। ਆਪਣੇ ਨੇੜੇ ਦੇ ਬੋਟਲ ਡਿਪੋ (bottle depot) ਦੀ ਜਾਣਕਾਰੀ ਲਈ ਇਸ ਵੈਬਸਾਈਟ ਤੇ ਜਾਓ:
ਵੈਬਸਾਈਟ:*www.bcmb.ab.ca > Find a Depot*



ਐਡਮੰਟਨ ਵਿੱਚ ਸਿੱਖਣਾ

# 07



ਹੇਠ ਲਿਖੀਆਂ ਸੰਸਥਾਵਾਂ ਦੀ ਸਹਾਇਤਾ ਨਾਲ ਤੁਸੀਂ ਅੰਗਰੇਜ਼ੀ ਜਾਂ ਫ਼ਰਾਂਸੀਸੀ ਬੋਲੀ ਸਿੱਖ ਸਕਦੇ ਹੋ, ਜਾਂ ਆਪਣੀ ਅੰਗਰੇਜ਼ੀ ਜਾਂ ਫ਼ਰਾਂਸੀਸੀ ਬੋਲੀ ਨੂੰ ਸੁਧਾਰ ਸਕਦੇ ਹੋ।

## ਅੰਗਰੇਜ਼ੀ ਸਿੱਖਣਾ

ਪੱਕੇ ਰਿਹਾਇਸ਼ੀ ਜੋ ਕੈਨੇਡਾ ਵਿੱਚ ਨਵੇਂ ਹਨ ਉਹ ਆਪਣਾ ਅੰਗਰੇਜ਼ੀ ਬੋਲੀ ਦਾ ਪੱਧਰ ਜਾਨਣ ਲਈ ਟੈਸਟ ਦੇ ਸਕਦੇ ਹਨ ਤਾਂ ਕਿ ਉਹ ਕਨੇਡੀਅਨ ਲੈਂਗੁਏਜ ਬੈਂਚਮਾਰਕ (Canadian Language Benchmark (CLB) ਪ੍ਰਾਪਤ ਕਰ ਸਕਣ। ਤੁਹਾਡਾ CLB ਦਾ ਮਿਆਰ ਸਿੱਧ ਕਰੇਗਾ ਕਿ ਤੁਸੀਂ ਇਸ ਸ਼ਹਿਰ ਦੇ ਬਹੁਤ ਸਾਰੇ ਅੰਗਰੇਜ਼ੀ ਬੋਲੀ ਦੇ ਪ੍ਰੋਗਰਾਮਾਂ ਵਿਚੋਂ ਕਿਸ ਪ੍ਰੋਗਰਾਮ ਵਿੱਚ ਜਾ ਸਕਦੇ ਹੋ।

ਤਹਾਡੇ ਲਈ ਕਿਹੜਾ ਪ੍ਰੋਗਰਾਮ ਠੀਕ ਰਹੇਗਾ, ਇਹ ਜਾਨਣ ਲਈ ਸੰਪਰਕ ਕਰੋ:

**ਲੈਂਗੁਏਜ ਅਸੈਸਮੈਂਟ, ਰਿਫ਼ਰਲ ਐਂਡ ਕਊਂਸਲਿੰਗ ਸੈਂਟਰ (LARCC) ਕੈਥੋਲਿਕ ਸੋਸ਼ਲ ਸਰਵਸਿਜ਼ (Language Assessment, Referral and Counselling Centre (LARCC), Catholic Social Services)**

ਫ਼ੋਨ: **780 424-3545**

ਐਡਮੰਟਨ ਅਤੇ ਆਸ-ਪਾਸ ਦੇ ਇਲਾਕੇ ਵਿੱਚ ਅੰਗਰੇਜ਼ੀ ਬੋਲੀ ਦੇ ਮੌਜੂਦਾ ਪ੍ਰੋਗਰਾਮਾਂ ਅਤੇ ਸੇਵਾਵਾਂ ਦੀ ਜਾਣਕਾਰੀ ਲਈ ਇਸ ਵੈਬਸਾਈਟ ਤੇ ਜਾਓ: ***www.larcc.cssalberta.ca/Directory***

**ਅਸਿਸਟ ਕਮਿਊਨੀਟੀ ਸਰਵਿਸਿਜ਼ ਸੈਂਟਰ (ASSIST Community Services Centre)**
ਫ਼ੋਨ: **780-429-3111**
ਵੈਬਸਾਈਟ: **www.assistcsc.org/en/**

**ਕਨੇਡੀਅਨ ਅਰਬ ਫ਼ਰੈਂਡਸ਼ਿਪ ਐਸੋਸੀਏਸ਼ਨ ਆਫ਼ ਐਡਮੰਟਨ (Canadian Arab Friendship Association of Edmonton)**
ਫ਼ੋਨ: 780-473-7214
ਵੈਬਸਾਈਟ: *www.cafaedmonton.ca*

**ਕਲਚਰਲ ਕਨੈਕਸ਼ਨਜ਼ ਇਨਸਟੀਚਿਊਟ/ਦੀ ਲਰਨਿੰਗ ਐਕਸਚੇਂਜ (Cultural Connections Institute/The Learning Exchange)**
ਫ਼ੋਨ: 780-944-0792
ਵੈਬਸਾਈਟ: *www.cci-lex.ca*

**ਐਡਮੰਟਨ ਕੈਥੋਲਿਕ ਸਕੂਲਜ਼ (Edmonton Catholic Schools)**
ਫ਼ੋਨ: **780-944-2000**
ਵੈਬਸਾਈਟ: *www.ecsd.net > Programs > English as a Second LanguageaEDmMTn*

**ਐਡਮੰਟਨ ਇਮੀਗਰੈਂਟ ਸਰਵਿਸਿਜ਼ ਐਸੋਸੀਏਸ਼ਨ (Edmonton Immigrant Services Association)**
ਫ਼ੋਨ: **780-474-8445**
ਵੈਬਸਾਈਟ: *www.eisa-edmonton.org > Services and Programs > English as a Second Language (ESL) Class*

**ਐਡਮੰਟਨ ਮੈਨੋਨਾਈਟ ਸੈਂਟਰ ਫ਼ਾਰ ਨਿਊਕਮਰਜ਼ (Edmonton Mennonite Centre for Newcomers)**
ਫ਼ੋਨ: 780-424-7709
ਵੈਬਸਾਈਟ: *www.emcn.ab.ca > Services > Language Services*

**ਮੈਕਿਇਊਨ ਯੂਨਿਵਰਸਟੀ (MacEwan University)**
ਫ਼ੋਨ: 780-497-4000
ਵੈਬਸਾਈਟ: *www.macewan.ca/ESL*

**ਇੰਡੋ-ਕਨੇਡੀਅਨ ਵੁਮੈਨਜ਼ ਐਸੋਸੀਏਸ਼ਨ (Indo-Canadian Women's Association)**
ਫ਼ੋਨ: **780-490-0477**
ਵੈਬਸਾਈਟ: *www.icwaedmonton.org > Classes > ESL Functional Literacy*

**ਮੈਟਰੋ ਕੌਂਟੀਨਿਊਇੰਗ ਐਜੂਕੇਸ਼ਨ (ਐਡਮੰਟਨ ਪਬਲਿਕ ਸਕੂਲਜ਼) (Metro Continuing Education (Edmonton Public Schools)**
ਫ਼ੋਨ: **780-428-1111**
ਵੈਬਸਾਈਟ: *www.metrocontinuing education.ca > English Language Institute*

**ਨੌਰਦਰਨ ਅਲਬਰਟਾ ਇਨਸਟੀਚਿਊਟ ਆਫ਼ ਟੈਕਨੋਲੋਜੀ (ਨੇਟ) (Northern Alberta Institute of Technology (NAIT)**
ਫ਼ੋਨ: **780.471.6248**
ਵੈਬਸਾਈਟ: *www.nait.ca > Continuing Education > English as a Second Language (ESL)*

**ਨੌਰਕੁਐਸਟ ਕਾਲਜ (NorQuest College)**
ਫ਼ੋਨ: **780-644-6000**
ਵੈਬਸਾਈਟ: *www.norquest.ca > Programs & Courses > English languages*

**ਸੀਨੀਅਰਜ਼ ਐਸੋਸੀਏਸ਼ਨ ਆਫ਼ ਗਰੇਟਰ ਐਡਮੰਟਨ (Seniors Association of Greater Edmonton)**
ਫ਼ੋਨ: **780-487-7843**
ਵੈਬਸਾਈਟ: *www.mysage.ca > Need Help? > Multicultural Programs*

**ਸੋਲੋਮਨ ਕਾਲਜ (Solomon College)**
ਫ਼ੋਨ: **780-431-1515**
ਵੈਬਸਾਈਟ: *www.solomoncollege.ca*

**ਯੂਨੀਵਰਸਟੀ ਆਫ਼ ਅਲਬਰਟਾ - ਫ਼ੈਕਲਟੀ ਆਫ਼ ਐਕਸਟੈਨਸ਼ਨ (University of Alberta – Faculty of Extension)**
ਫ਼ੋਨ: **780-492-3116**
ਵੈਬਸਾਈਟ: *extension.ualberta.ca > Programs & Courses*


## ਫ਼ਰਾਂਸੀਸੀ ਬੋਲੀ ਸਿੱਖਣਾ

**Centre d'accueil et d'établissement-Edmonton**
ਪਤਾ: **#50, 8627 Rue Marie-Anne-Gaboury**
ਫ਼ੋਨ: **780-669-6004**
ਵੈਬਸਾਈਟ: *www.lecae.ca*

**Alliance Française**
ਫ਼ੋਨ: **780 469 0399**
ਵੈਬਸਾਈਟ: *www.af.ca > Edmonton*

**ਇਹ ਕੇਵਲ ਕੁਝ ਕੁ ਸੰਸਥਾਵਾਂ ਹਨ ਜੋ ਤੁਹਾਡੀ ਅੰਗਰੇਜ਼ੀ ਜਾਂ ਫ਼ਰਾਂਸੀਸੀ ਬੋਲੀ ਸਿੱਖਣ ਵਿੱਚ ਸਹਾਇਤਾ ਕਰ ਸਕਦੀਆਂ ਹਨ।**





ਜਨਤਾ ਵਾਸਤੇ ਇਹ ਸਿੱਖਿਆ ਅਲਬਰਟਾ ਵਿੱਚ 20 ਸਾਲ ਦੀ ਉਮਰ ਤੋਂ ਘੱਟ ਹਰ ਵਿਅਕਤੀ ਲਈ ਮੁਫ਼ਤ ਹੈ। ਕਾਨੂੰਨ ਅਨੁਸਾਰ 16 ਸਾਲ ਦੀ ਉਮਰ ਤੋਂ ਘੱਟ ਹਰ ਬੱਚੇ ਲਈ ਸਕੂਲ ਜਾਣਾ ਬਹੁਤ ਜ਼ਰੂਰੀ ਹੈ।

ਵੈਬਸਾਈਟ: *www.education.alberta.ca*

ਐਡਮੰਟਨ ਵਿੱਚ ਹੇਠ ਲਿਖੀ ਸਕੂਲ-ਪ੍ਰਣਾਲੀ ਵਿਚੋਂ ਤੁਸੀਂ ਕੋਈ ਵੀ ਸਕੂਲ ਚੁਣ ਸਕਦੇ ਹੋ:



## ਆਮ ਜਨਤਾ ਲਈ ਸਿੱਖਿਆ

### ਐਡਮੰਟਨ ਪਬਲਿਕ ਸਕੂਲਜ਼ (Edmonton Public Schools)

ਐਡਮੰਟਨ ਪਬਲਿਕ ਸਕੂਲਜ਼ ਵਿੱਚ ਕਿੰਡਰਗਾਰਟਨ ਤੋਂ ਲੈ ਕੇ ਗਰੇਡ 12 ਤਕ ਕੋਈ ਵੀ ਬੱਚਾ ਜਾ ਸਕਦਾ ਹੈ। ਇਹ ਸਕੂਲ ਸਾਰੇ ਸ਼ਹਿਰ ਵਿੱਚ ਫੈਲੇ ਹੋਏ ਹਨ, ਅਤੇ ਇਕ ਤੁਹਾਡੇ ਗੁਆਂਢ ਵਿੱਚ ਵੀ ਹੈ। ਇਹ ਕਈ ਪ੍ਰਕਾਰ ਦੇ ਪ੍ਰੋਗਰਾਮਾਂ ਦੇ ਨਾਲ ਨਾਲ ਤੁਹਾਡੇ ਸਕੂਲ ਜਾਣ ਵਾਲੇ ਬੱਚਿਆਂ ਦੀਆਂ ਸਿੱਖਿਆ ਸਬੰਧੀ ਸਭ ਜ਼ਰੂਰਤਾਂ ਨੂੰ ਵੀ ਪੂਰਾ ਕਰਦੇ ਹਨ।
ਫ਼ੋਨ: 780-429-8000
*ਵੈਬਸਾਈਟ: www.epsb.ca*

### ਸੈਂਟਰ ਹਾਈ ਕੈਮਪਸ (Centre High Campus)

ਇਹ ਡਊਨਟਊਨ ਵਿੱਚ ਸਥਿਤ ਹੈ। ਸੈਂਟਰ ਹਾਈ ਕੈਮਪਸ ਹਾਈ ਸਕੂਲ ਦੇ ਚੌਥੇ ਤੇ ਪੰਜਵੇ ਸਾਲ ਦੇ ਵਿਦਿਆਰਥੀਆਂ ਲਈ ਇਕ ਬਹੁਤ ਪ੍ਰਭਾਵਸ਼ਾਲੀ ਹਾਈ ਸਕੂਲ ਹੈ ਜਿੱਥੇ ਵਿਦਿਅਕ ਤੇ ਰੁਜ਼ਗਾਰ ਨਾਲ ਸਬੰਧਤ ਸਿਖਿਆ ਦਿਤੀ ਜਾਂਦੀ ਹੈ।
ਫ਼ੋਨ: 780-425-6753
*ਵੈਬਸਾਈਟ: www.centrehigh.epsb.ca*

### ਐਡਮੰਟਨ ਕੈਥੋਲਿਕ ਸਕੂਲਜ਼ (Edmonton Catholic Schools)

ਐਡਮੰਟਨ ਕੈਥੋਲਿਕ ਸਕੂਲਜ਼ ਕਿੰਡਰਗਾਰਟਨ ਤੋਂ ਲੈ ਕੇ ਗਰੇਡ 12 ਤਕ ਦੇ ਬੱਚਿਆਂ ਨੂੰ ਕੈਥੋਲਿਕ ਧਰਮ ਦੇ ਅਧਾਰ ਤੇ ਸਿੱਖਿਆ ਦੇਂਦੇ ਹਨ, ਅਤੇ ਇਹ ਐਡਮੰਟਨ ਦੇ ਹਰ ਗੁਆਂਢ ਵਿੱਚ ਸਥਿਤ ਹਨ।
ਫ਼ੋਨ: 780-441-6000
*ਵੈਬਸਾਈਟ: www.ecsd.net*

### ਕਾਰਡੀਨਲ ਕੌਲਿਨਜ਼ ਹਾਈ ਸਕੂਲ ਐਕੇਡੈਮਿਕ ਸੈਂਟਰ (Cardinal Collins High School Academic Centre)

ਇਹ ਐਡਮੰਟਨ ਦੇ ਉੱਤਰ ਪੂਰਬ ਵਿੱਚ ਸਥਿਤ ਹੈ। ਇਹ ਨਵਾਂ ਐਡਮੰਟਨ ਕੈਥੋਲਿਕ ਸਕੂਲ ਸੈਂਟਰ ਹੈ ਜਿੱਥੇ ਸਾਰੇ ਐਡਮੰਟਨ ਦੇ ਚੌਥੇ ਤੇ ਪੰਜਵੇ ਸਾਲ ਦੇ ਹਾਈ ਸਕੂਲ ਦੇ ਵਿਦਿਆਰਥੀਆਂ ਨੂੰ ਬਦਲਵੇਂ ਤਰੀਕਿਆਂ ਨਾਲ ਹਾਈ ਸਕੂਲ ਦੀ ਸਿੱਖਿਆ ਪੂਰੀ ਕਰਨ ਦਾ ਮੌਕਾ ਮਿਲਦਾ ਹੈ। ਇਸਦੇ ਨਾਲ ਹੀ ਸਰਟੀਫ਼ੀਕੇਟ, ਡਿਪਲੋਮੇ, ਅੰਗਰੇਜ਼ੀ ਨੂੰ ਦੂਜੀ ਬੋਲੀ ਦੇ ਰੂਪ ਵਿੱਚ ਸਿੱਖਣਾ ਅਤੇ ਹੋਰ ਬਹੁਤ ਸਾਰੇ ਪ੍ਰੋਗਰਾਮ ਪ੍ਰਦਾਨ ਕੀਤੇ ਜਾਂਦੇ ਹਨ.
ਫ਼ੋਨ: 780-944-2002
*ਵੈਬਸਾਈਟ: www.cardinalcollins.ecsd.net*

### ਫ਼ਰੈਂਕਾਫ਼ੋਨ ਸਕੂਲ ਬੋਰਡ (Francophone School Board)

ਫ਼ਰੈਂਕਾਫ਼ੋਨ ਬੱਚਿਆਂ ਨੂੰ ਫ਼ਰਾਂਸੀਸੀ ਬੋਲੀ ਪਹਿਲੀ ਭਾਸ਼ਾ ਦੇ ਰੂਪ ਵਿੱਚ ਸਿਖਾਈ ਜਾਂਦੀ ਹੈ।
ਫ਼ੋਨ: 780-468-6440
*ਵੈਬਸਾਈਟ: www.en.centrenord.ab.ca*

## ਪ੍ਰਾਈਵੇਟ ਸਕੂਲਜ਼ (PRIVATE SCHOOLS)

ਇੱਥੇ ਬਹੁਤ ਸਾਰੇ ਪ੍ਰਾਈਵੇਟ ਸਕੂਲ ਹਨ ਜੋ ਕਿੰਡਰਗਾਰਟਨ ਤੋਂ ਲੈ ਕੇ ਗਰੇਡ 12 ਤਕ ਦੇ ਵਿਦਿਆਰਥੀਆਂ ਲਈ ਆਪਣੀ ਮਰਜ਼ੀ ਅਨੁਸਾਰ ਚੋਣ ਕਰਨ ਲਈ ਕਈ ਪ੍ਰਕਾਰ ਦੇ ਸਿੱਖਿਆ ਦੇ ਪ੍ਰੋਗਰਾਮ ਪ੍ਰਦਾਨ ਕਰਦੇ ਹਨ। ਇਹ ਪ੍ਰਾਈਵੇਟ ਸਕੂਲ ਅਕਸਰ ਵੱਖ ਵੱਖ ਵਿਸ਼ਿਆਂ ਵਿੱਚ ਵਿਸ਼ੇਸ਼ ਗਿਆਨ ਹਾਸਲ ਕਰਨ ਦੀ ਸਹੂਲਤ ਵੀ ਦੇਂਦੇ ਹਨ।
ਫ਼ੋਨ: 780-427-7235
*ਵੈਬਸਾਈਟ: www.education.alberta.ca > Education > Parents > School Choice > Private Schools*

# ਪੋਸਟ-ਸੈਂਕਡਰੀ ਐਜੂਕੇਸ਼ਨ (POST-SECONDARY EDUCATION)

ਉੱਤਰੀ ਅਮਰੀਕਾ ਦੇ ਕੁਝ ਕੁ ਸਭ ਤੋਂ ਵਧੀਆ ਵਿਸ਼ਵਵਿਦਿਆਲੇ ਤੇ ਕਾਲਜ ਐਡਮੰਟਨ ਵਿੱਚ ਹਨ।

### ਐਥਾਬਾਸਕਾ ਯੂਨੀਵਰਸਟੀ (Athabasca University)

ਕਈ ਪ੍ਰਕਾਰ ਦੇ ਵਿਸ਼ਿਆਂ ਵਿੱਚ ਤੁਸੀਂ ਯੂਨੀਵਰਸਟੀ ਡਿਗਰੀ, ਡਿਪਲੋਮਾ, ਜਾਂ ਸਰਟੀਫ਼ੀਕੇਟ ਦੂਰ ਬੈਠਿਆਂ ਜਾਂ ਓਨਲਾਈਨ (distance or online) ਤੇ ਸਿੱਖਿਆ ਲੈ ਕੇ ਹਾਸਲ ਕਰ ਸਕਦੇ ਹੋ।
ਫ਼ੋਨ: 1-800-788-9041
*ਵੈਬਸਾਈਟ: www.athabascau.ca*

### ਕੌਨਕੋਰਡੀਆ ਯੂਨੀਵਰਸਟੀ ਕਾਲਜ (Concordia University College)

ਕੈਨੇਡਾ ਦੇ ਲੂਥਰਨ ਚਰਚ ਵਲੋਂ ਚਲਾਇਆ ਗਿਆ ਯੂਨੀਵਰਸਟੀ ਡਿਗਰੀ ਦੇਣ ਵਾਲਾ ਇਹ ਕਰਿਸਚਨ ਲਿਬਰਲ ਆਰਟਸ ਦੀ ਸਿੱਖਿਆ ਦੇਂਦਾ ਹੈ (Christian liberal arts education)।
ਫ਼ੋਨ: 780-479-8481
*ਵੈਬਸਾਈਟ: www.concordia.ab.ca*

### ਕਿੰਗਜ਼ ਯੂਨੀਵਰਸਟੀ ਕਾਲਜ (King's University College)

ਕਿੰਗਜ਼ ਯੂਨੀਵਰਸਟੀ ਕਾਲਜ ਕਰਿਸਚਨ ਸਿੱਖਿਆ ਪ੍ਰਦਾਨ ਕਰਦਾ ਹੈ, ਅਤੇ ਇੱਥੇ ਪੂਰੀ ਤਰ੍ਹਾਂ ਮਨਜ਼ੂਰ ਆਰਟਸ, ਹਿਊਮੈਨੀਟੀਜ਼, ਮਿਊਜ਼ਿਕ, ਅਤੇ ਸੋਸ਼ਲ ਸਾਂਇਸਿਜ਼ (arts, humanities, music, and social sciences) ਵਿੱਚ ਬੈਚੂਲਰ ਡਿਗਰੀਆਂ (Bachelor degrees) ਮਿਲ ਜਾਂਦੀਆਂ ਹਨ।
ਫ਼ੋਨ: 780-465-3500
*ਵੈਬਸਾਈਟ: www.kingsu.ca*

### ਮੈਕਿਇਊਨ ਯੂਨੀਵਰਸਟੀ (MacEwan University)

ਐਡਮੰਟਨ ਵਿੱਚ ਪੂਰੀ ਤਰ੍ਹਾਂ ਮਨਜ਼ੂਰ ਇਸ ਯੂਨੀਵਰਸਟੀ ਦੇ ਬਹੁਤ ਸਾਰੇ ਕੈਮਪਸ ਹਨ ਜਿੱਥੇ ਬੜੇ ਸੁਖਦਾਈ ਵਾਤਾਵਰਣ ਵਿੱਚ ਕਈ ਪ੍ਰਕਾਰ ਦੀਆਂ ਡਿਗਰੀਆਂ ਤੇ ਡਿਪਲੋਮੇ ਪ੍ਰਦਾਨ ਕੀਤੇ ਜਾਂਦੇ ਹਨ।
ਫ਼ੋਨ: 780-497-5040
*ਵੈਬਸਾਈਟ: www.macewan.ca*

### ਨੌਰਕੁਐਸਟ ਕਾਲਜ (NorQuest College)

ਨੌਰਕੁਐਸਟ ਕਾਲਜ ਹਾਈ ਸਕੂਲ ਤੋਂ ਪ੍ਰਾਪਤ ਕੀਤੇ ਗਰੇਡਜ਼ ਨੂੰ ਸੁਧਾਰਣ (high school upgrading) ਲਈ ਪ੍ਰੋਗਰਾਮ, ਸੈਕੰਡਰੀ ਸਕੂਲ ਪੂਰਾ ਕਰਨ ਤੋਂ ਬਾਦ ਡਿਪਲੋਮਾ (post-secondary diploma) ਅਤੇ ਸਰਟੀਫ਼ੀਕੇਟ ਦੇ ਪ੍ਰੋਗਰਾਮਾਂ ਦੇ ਨਾਲ ਨਾਲ ਸਿੱਖਿਆ ਲਈ ਹੋਰ ਵੀ ਬਹੁਤ ਸਾਰੇ ਪ੍ਰੋਗਰਾਮ ਪ੍ਰਦਾਨ ਕਰਦਾ ਹੈ। ਨੌਰਕੁਐਸਟ ਕਾਲਜ ਦੇ ਅੱਧੇ ਤੋਂ ਵੱਧ ਵਿਦਿਆਰਥੀਆਂ ਦਾ ਜਨਮ-ਸਥਾਨ ਕੈਨੇਡਾ ਤੋਂ ਬਾਹਰ ਹੈ ਅਤੇ ਉਹ ਦੁਨੀਆਂ ਦੇ 87 ਮੁਲਕਾਂ ਦੀ ਨੁਮਾਇੰਦਗੀ ਕਰਦੇ ਹਨ। ਨੌਰਕੁਐਸਟ ਕਾਲਜ ਵਿੱਚ ਐਬਓਰਿਜਨਲ ਵਿਦਿਆਰਥੀਆਂ ਲਈ ਵਿਦਿਆਰਥੀ-ਸੇਵਾ ਪ੍ਰੋਗਰਾਮ ਹੈ ਜਿਸ ਵਿੱਚ ਸਿੱਖਿਆ ਸਬੰਧੀ ਸਲਾਹਕਾਰ, ਐਲਡਰਜ਼ ਅਤੇ ਮਰਯਾਦਾ-ਪਾਲਣ (Elders and a Ceremonial room) ਲਈ ਕਮਰਾ ਵੀ ਸ਼ਾਮਲ ਹੈ।
ਫ਼ੋਨ: 780-644-6000
*ਵੈਬਸਾਈਟ: www.norquest.ca*

### ਨੌਰਦਰਨ ਅਲਬਰਟਾ ਇਨਸਟੀਚਿਊਟ ਆਫ਼ ਟੈਕਨੋਲੋਜੀ (ਨੇਟ) (Northern Alberta Institute of Technology (NAIT))

ਨੇਟ (NAIT) 200 ਤੋਂ ਵੱਧ ਪ੍ਰੋਗਰਾਮਾਂ ਵਿੱਚ ਡਿਗਰੀਆਂ, ਡਿਪਲੋਮੇ ਤੇ ਸਰਟੀਫ਼ੀਕੇਟ ਪ੍ਰਦਾਨ ਕਰਦਾ ਹੈ, ਅਤੇ ਇਸ ਸਿੱਖਿਆ ਦਾ ਮੁੱਖ-ਮੰਤਵ ਕਾਰੋਬਾਰ ਅਤੇ ਤਕਨੀਕੀ (technical) ਖੇਤਰ ਵਿੱਚ ਰੁਜ਼ਗਾਰ ਲਈ ਤਿਆਰ ਕਰਨਾ ਹੈ।
ਫ਼ੋਨ: 780-471-6248
*ਵੈਬਸਾਈਟ: www.nait.ca*

### ਯੂਨੀਵਰਸਟੀ ਆਫ਼ ਅਲਬਰਟਾ (University of Alberta)

ਯੂਨੀਵਰਸਟੀ ਆਫ਼ ਅਲਬਰਟਾ ਕੈਨੇਡਾ ਦੇ ਸਭ ਤੋਂ ਵੱਡੇ ਖੋਜ ਵਿਸ਼ਵਵਿਦਿਆਲਿਆਂ ਵਿਚੋਂ ਇਕ ਹੈ, ਅਤੇ ਇਹ ਯੂਨੀਵਰਸਟੀ ਆਪਣੀ ਉੱਤਮ ਸਿੱਖਿਆ ਕਰਕੇ ਸਾਰੀ ਦੁਨੀਆ ਵਿੱਚ ਜਾਣੀ ਜਾਂਦੀ ਹੈ।
ਫ਼ੋਨ: 780-492-3111
*ਵੈਬਸਾਈਟ: www.ualberta.ca*

### ਯੂਨੀਵਰਸਟੀ ਆਫ਼ ਅਲਬਰਟਾ - ਕੈਮਪਸ ਸੇਂਟ ਯਾਨ
### University of Alberta - Campus Saint-Jean

ਯੂਨਵਿਰਸਟੀ ਪੱਧਰ ਤੇ ਫ਼ਰੈਂਕੋਫ਼ੋਨ (Francophone) ਪ੍ਰੋਗਰਾਮਾਂ ਲਈ।
ਫ਼ੋਨ: 780-465-8700
*ਵੈਬਸਾਈਟ: www.ualberta.ca/en/campus-saint-jean*

### University of Alberta - Centre collégial de l'Alberta

ਕਾਲਜ ਪੱਧਰ ਤੇ ਫ਼ਰੈਂਕੋਫ਼ੋਨ (Francophone) ਪ੍ਰੋਗਰਾਮਾਂ ਲਈ।
ਫ਼ੋਨ: 780-492-0418
*ਵੈਬਸਾਈਟ: www.ualberta.ca/campus-saint-jean/programmes/programmes-collegiaux*

# ਨਿਰੰਤਰ ਸਿੱਖਿਆ (CONTINUING EDUCATION)

ਸਿੱਖਿਆ ਪ੍ਰਾਪਤੀ ਦੇ ਇੱਥੇ ਬਹੁਤ ਮੌਕੇ ਹਨ, ਤੁਸੀਂ ਆਪਣੀ ਨੌਕਰੀ ਕਰਦੇ ਹੋਏ ਵੀ ਥੋੜੇ ਸਮੇਂ ਦੇ ਪਾਠ-ਕ੍ਰਮ (courses) ਕਰ ਸਕਦੇ ਹੋ।

### ਯੂਨੀਵਰਸਟੀ ਆਫ਼ ਅਲਬਰਟਾ - ਫ਼ੈਕਲਟੀ ਆਫ਼ ਐਕਸਟੈਨਸ਼ਨ (University of Alberta – Faculty of Extension)

ਫ਼ੋਨ: 780-492-3116
*ਵੈਬਸਾਈਟ: www.extension.ualberta.ca > Programs & Courses > Adult & Continuing Education*

### ਮੈਟਰੋ ਕੌਂਟੀਨਿਊਇੰਗ ਐਜੂਕੇਸ਼ਨ (ਐਡਮੰਟਨ ਪਬਲਿਕ ਸਕੂਲਜ਼) (Metro Continuing Education (Edmonton Public Schools)

ਫ਼ੋਨ: 780-428-1111
*ਵੈਬਸਾਈਟ: www.metrocontinuingeducation.ca*





# ਐਡਮੰਟਨ ਵਿੱਚ ਕੰਮ ਕਰਨਾ

# 08



## ਸੋਸ਼ਲ ਇਨਸ਼ਿਉਰੰਸ ਨੰਬਰ (SOCIAL INSURANCE NUMBER (SIN)

ਕੈਨੇਡਾ ਵਿੱਚ ਨੌਕਰੀ ਕਰਨ ਤੋਂ ਪਹਿਲਾਂ, ਤੁਹਾਡੇ ਕੋਲ ਸੋਸ਼ਲ ਇਨਸ਼ਿਉਰੰਸ ਨੰਬਰ (Social Insurance number (SIN) ਹੋਣਾ ਜ਼ਰੂਰੀ ਹੈ। ਇਹ ਕੈਨੇਡਾ ਦੀ ਸਰਕਾਰ ਦਾ ਰਜਿਸਟ੍ਰੇਸ਼ਨ ਅਤੇ ਪਹਿਚਾਣ ਦਾ ਨੰਬਰ ਹੈ। ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਆਪਣੇ ਮਾਲਕ ਨੂੰ ਆਪਣਾ ਸਿਨ (SIN) ਦਿਓ। ਬਹੁਤ ਹਾਲਾਤ ਵਿੱਚ ਤੁਹਾਨੂੰ ਆਪਣਾ ਸਿਨ (SIN) ਕਿਸੇ ਹੋਰ ਨੂੰ ਦੱਸਣ ਦੀ ਲੋੜ ਨਹੀਂ ਹੈ। ਸੋਸ਼ਲ ਇਨਸ਼ਿਓਰੰਸ ਨੰਬਰ ਕਿਸ ਤਰ੍ਹਾਂ ਪ੍ਰਾਪਤ ਕਰਨਾ ਹੈ, ਜਾਂ ਆਪਣਾ ਸਿਨ (SIN) ਤੁਹਾਨੂੰ ਕਿਸਨੂੰ ਦੇਣਾ ਚਾਹੀਦਾ ਹੈ, ਇਸ ਬਾਰੇ ਜਾਨਣ ਲਈ ਸਰਵਿਸ ਕੈਨੇਡਾ (Service Canada) ਨਾਲ ਸੰਪਰਕ ਕਰੋ।
ਫ਼ੋਨ: 1-800-206-7218

ਵੈਬਸਾਈਟ: *www.servicecanada.gc.ca >Social Insurance Number*

## ਅਲਬਰਟਾ ਵਿੱਚ ਰੁਜ਼ਗਾਰ ਦੇ ਮਿਆਰ, ਵਿਧਾਨ ਅਤੇ ਨਿਯਮ

ਇਹ ਬਹੁਤ ਜ਼ਰੂਰੀ ਹੈ ਕਿ ਸਭ ਮਾਲਕ ਆਪਣੇ ਕੰਮ-ਸਥਾਨ ਤੇ ਰੁਜ਼ਗਾਰ ਦੇ ਨਿਯਮਾਂ ਦਾ ਪਾਲਣ ਕਰਨ। ਇਨ੍ਹਾਂ ਨਿਯਮਾਂ ਵਿੱਚ ਸ਼ਾਮਲ ਹਨ, ਘੱਟ ਤੋਂ ਘੱਟ ਤਨਖਾਹ ਜੋ ਦਿਤੀ ਜਾ ਸਕਦੀ ਹੈ, ਕੰਮ ਕਰਨ ਦੇ ਘੰਟੇ, ਪ੍ਰਸੂਤ ਅਤੇ ਪਾਲਣ-ਪੋਸਣ ਨਾਲ ਸਬੰਧਤ ਛੁੱਟੀ, ਆਮ ਛੁੱਟੀਆਂ ਅਤੇ ਛੁੱਟੀਆਂ ਦੀ ਤਨਖਾਹ, ਵਾਧੂ ਸਮੇਂ ਦਾ ਕੰਮ ਤੇ ਤਨਖਾਹ, ਲੰਮੀਆ ਛੁੱਟੀਆਂ, ਨੌਕਰੀ ਦਾ ਅੰਤ (termination) ਅਤੇ ਹੋਰ ਬਹੁਤ ਕੁਝ। ਅਲਬਰਟਾ ਵਿੱਚ ਰੁਜ਼ਗਾਰ ਦੇ ਮਿਆਰਾਂ, ਵਿਧਾਨ ਅਤੇ ਨਿਯਮਾਂ ਬਾਰੇ ਹੋਰ ਜਾਨਣ ਲਈ ਸੰਪਰਕ ਕਰੋ:
ਫ਼ੋਨ: 780-427-3731
ਵੈਬਸਾਈਟ: *www.work.alberta.ca > Employment Standards*

## ਨੌਕਰੀ ਦੀ ਭਾਲ

### ਐਡਮੰਟਨ ਸ਼ਹਿਰ

ਐਡਮੰਟਨ ਸ਼ਹਿਰ ਵਲੋਂ ਹਰ ਪੱਧਰ ਤੇ ਹਰ ਪ੍ਰਕਾਰ ਦੀਆਂ ਨੌਕਰੀਆਂ ਵਿਅਕਤੀ ਦੀ ਪ੍ਰਾਪਤ ਸਿੱਖਿਆ ਤੇ ਹੁਨਰਾਂ ਦੇ ਆਧਾਰ ਤੇ ਮਿਲ ਜਾਂਦੀਆ ਹਨ। ਨੌਕਰੀਆਂ ਦੀ ਸੂਚੀ ਲਈ, ਓਨਲਾਈਨ (online) ਅਰਜ਼ੀ, ਅਤੇ ਸਿਟੀ ਆਫ਼ ਐਡਮੰਟਨ ਨਾਲ ਹੋਰ ਢੰਗਾਂ ਨਾਲ ਨੌਕਰੀ ਲਈ ਅਰਜ਼ੀ ਦੇਣ ਵਾਸਤੇ ਹਦਾਇਤਾਂ ਲਈ ਇਸ ਵੈਬਸਾਈਟ ਤੇ ਜਾਓ: ਦੀ ਸਿਟੀ ਆਫ਼ ਐਡਮੰਟਨ ਜੋਬਜ਼ – ਟੈਲੈਂਟ ਹਬ (The City of Edmonton Jobs – Talent Hub). ਇਸਦੇ ਨਾਲ ਹੀ ਐਡਮੰਟਨ ਵਿੱਚ ਮਿਲਣ ਵਾਲੀਆਂ ਹੋਰ ਸ਼੍ਰੇਣੀ ਦੀਆਂ ਨੌਕਰੀਆਂ ਦੇ ਸਾਧਨ, ਸਹਾਇਕ ਵੈਬੀਨਾਰਜ਼ (webinars), ਨੌਕਰੀ ਦੀ ਅਰਜ਼ੀ ਭਰਨ ਲਈ ਸਹਾਇਤਾ, ਅਤੇ ਬਹੁਤ ਲਾਭਵੰਦ ਸਰਗਰਮ ਫ਼ੇਸਬੁਕ ਪੇਜ ਅਤੇ ਵੈਬਸਾਈਟ ਵੀ ਮਿਲ ਜਾਣਗੇ।
ਫ਼ੋਨ: 311
ਵੈਬਸਾਈਟ: *www.edmonton.ca >Jobs – Talent Hub*

## ਨਵੇਂ ਆਇਆਂ ਲਈ ਰੁਜ਼ਗਾਰ ਤੇ ਆਰਜ਼ੀ ਕੰਮ ਦੀ ਭਾਲ ਵਿੱਚ ਸਹਾਇਤਾ

**Accès-Emploi**
ਫ਼ਰਾਂਸੀਸੀ ਬੋਲੀ ਬੋਲਣ ਵਾਲੇ ਨਵੇਂ ਆਇਆਂ ਲਈ।
ਫ਼ੋਨ: **780-490-6975**
ਵੈਬਸਾਈਟ: ***www.accesemploi.net***

**ਅਸਿਸਟ ਕਮਿਊਨੀਟੀ ਸਰਵਿਸਜ਼ ਸੈਂਟਰ (ASSIST Community Services Centre)**
ਕੰਮ ਦੀ ਭਾਲ ਵਿੱਚ ਨਵੇਂ ਆਇਆਂ ਦੀ ਹਰ ਪਖੋਂ ਸਹਾਇਤਾ ਅਤੇ ਹੌਂਸਲਾ ਅਫ਼ਜ਼ਾਈ ਕਰਦੇ ਹਨ।
ਫ਼ੋਨ: **780-429-3111**
ਵੈਬਸਾਈਟ: ***www.assistcsc.org/en/***

**ਬਰੈਡਿਨ ਸੈਂਟਰ ਫ਼ਾਰ ਲਰਨਿੰਗ (Bredin Centre for Learning)**
ਅੰਤਰ ਰਾਸ਼ਟਰੀ ਸਿਖਲਾਈ ਲੈ ਕੇ ਆਏ ਪੇਸ਼ਾਵਰ ਤੇ ਵਪਾਰੀ ਵਿਅਕਤੀਆਂ ਨੂੰ ਕੈਨੇਡਾ ਵਿੱਚ ਦੁਬਾਰਾ ਆਪਣੇ ਪੇਸ਼ੇ ਵਿੱਚ ਦਾਖ਼ਲ ਹੋਣ ਵਿੱਚ ਸਹਾਇਤਾ ਕਰਦੇ ਹਨ। ਨਵੇਂ ਆਏ ਵਿਅਕਤੀਆਂ ਲਈ ਉਦਯੋਗਪਤੀ (entrepreneurs) ਬਣਨ ਵਾਸਤੇ ਪ੍ਰੋਗਰਾਮ ਵੀ ਪ੍ਰਦਾਨ ਕਰਦੇ ਹਨ।
ਫ਼ੋਨ: **780-425-3730**
ਵੈਬਸਾਈਟ: ***www.bredin.ca/***

**ਕੈਥੋਲਿਕ ਸੋਸ਼ਲ ਸਰਵਿਸਜ਼ – ਇਮੀਗ੍ਰੇਸ਼ਨ ਐਂਡ ਸੈਟਲਮੈਂਟ ਸਰਵਿਸ (Catholic Social Services - Immigration and Settlement Service)**
ਆਵਾਸੀ ਤੇ ਸ਼ਰਨਾਰਥੀ ਵਿਅਕਤੀਆਂ ਲਈ ਸਿਹਤ-ਸੰਭਾਲ ਖੇਤਰ ਵਿੱਚ ਸਿਖਲਾਈ ਤੇ ਕੰਮ ਦਾ ਤਜਰਬਾ ਪ੍ਰਦਾਨ ਕਰਦੇ ਹਨ।
ਫ਼ੋਨ: **780-424-3545**
ਵੈਬਸਾਈਟ: ***www.cssalberta > Programs by Service > Immigration and Settlement Service***

**ਐਡਮੰਟਨ ਰੀਜਨ ਇਮੀਗ੍ਰੈਂਟ ਇਮਪਲੋਇਮੈਂਟ ਕੌਂਸਲ (Edmonton Region Immigrant Employment Council)**
ਆਵਾਸੀ ਵਿਅਕਤੀਆਂ ਦੀ ਸਹਾਇਤਾ ਲਈ ਪ੍ਰੋਗਰਾਮ ਤੇ ਸੇਵਾਵਾਂ ਪ੍ਰਦਾਨ ਕਰਦੇ ਹਨ ਤਾਂ ਜੋ ਉਹ ਸਥਾਨਕ ਕਿਰਤੀ ਖੇਤਰ (job market) ਵਿੱਚ ਹਿਲ-ਮਿਲ ਜਾਣ।
ਫ਼ੋਨ: **780-497-8866**
ਵੈਬਸਾਈਟ: ***www.eriec.ca***

**ਐਡਮੰਟਨ ਮੈਨੋਨਾਈਟ ਸੈਂਟਰ ਫ਼ਾਰ ਨਿਊਕਮਰਜ਼ – ਕੈਰੀਅਰ ਸਰਵਿਸਜ਼ ਇਨਫ਼ੋਰਮੇਸ਼ਨ (Edmonton Mennonite Centre for Newcomers - Career Services Information)**
ਨਵੇਂ ਆਇਆਂ ਦੀ ਨੌਕਰੀ ਦੀ ਭਾਲ ਵਿੱਚ ਹਰ ਪਖੋਂ ਸਹਾਇਤਾ ਕਰਦੇ ਹਨ, ਅੰਤਰਰਾਸ਼ਟਰੀ ਪੱਧਰ ਤੇ ਸਿਖਲਾਈ ਪ੍ਰਾਪਤ ਇੰਨਜੀਨੀਅਰਜ਼ ਤੇ ਟੈਕਨੌਲੋਜਿਸਟ ਲਈ ਕੈਨੇਡਾ ਵਿੱਚ ਹਿਲ-ਮਿਲ ਜਾਣ ਸਬੰਧੀ ਪ੍ਰੋਗਰਾਮ ਪ੍ਰਦਾਨ ਕਰਦੇ ਹਨ।
ਫ਼ੋਨ: **780-424-7709**
ਵੈਬਸਾਈਟ: ***www.emcn.ab.ca***

**ਨੌਰਕੁਐਸਟ ਕਾਲਜ ਕੈਰੀਅਰ ਸਰਵਿਸਜ਼ (NorQuest College Career Services)**
ਨੌਕਰੀ ਲਈ ਅਰਜ਼ੀ (ਰੈਜ਼ੂਮੇਅ - resume) ਤਿਆਰ ਕਰਨ ਵਿੱਚ ਸਲਾਹ ਦੇਂਦੇ ਅਤੇ ਰਹਿਨੁਮਾਈ ਕਰਦੇ ਹਨ।
ਫ਼ੋਨ: **780-644-2827**
ਵੈਬਸਾਈਟ: ***www.norquest.ca***

**ਵੈਲਕਮ ਸੈਂਟਰ ਫ਼ਾਰ ਇਮੀਗ੍ਰੈਂਟਸ (Welcome Centre for Immigrants)**
ਕੈਨੇਡਾ ਵਿੱਚ ਉਨ੍ਹਾਂ ਨਵੇਂ ਆਇਆਂ ਦੀ ਸਹਾਇਤਾ ਕਰਦੇ ਹਨ ਜੋ ਰੁਜ਼ਗਾਰ ਦੀ ਭਾਲ ਕਰ ਰਹੇ ਹਨ।
ਫ਼ੋਨ: **780-462-6924**
ਵੈਬਸਾਈਟ: ***http://wciedmonton.ca***

### ਹਿਊਮਨ ਸਰਵਿਸਜ਼ – ਅਲਬਰਟਾ ਵਰਕਸ (HUMAN SERVICES – ALBERTA WORKS)

ਐਡਮੰਟਨ ਵਿੱਚ ਹੇਠ ਲਿਖੇ ਸਥਾਨਾਂ ਤੇ ਅਲਬਰਟਾ ਪ੍ਰਾਂਤ ਵਲੋਂ ਨੌਕਰੀ, ਸਿਖਲਾਈ ਤੇ ਰੁਜ਼ਗਾਰ ਸਬੰਧੀ ਇਹ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆ ਹਨ, ਮੁਲਾਜ਼ਮਤ ਮੇਲੇ (ਮੁਲਾਜ਼ਮਾਂ ਦੀ ਭਾਲ ਵਿੱਚ ਨੌਕਰੀ ਦੇਣ ਵਾਲੀਆਂ ਸੰਸਥਾਵਾਂ ਦਾ ਇਕ ਥਾਂ ਇਕੱਠ - job fairs), ਰੁਜ਼ਗਾਰ-ਜਾਣਕਾਰੀ ਵਾਰਤਾਲਾਪ (career workshops), ਕੰਮ ਦੀ ਖੋਜ ਲਈ ਸਾਧਨ ਅਤੇ ਨੌਕਰੀਆਂ ਦੇਣ ਵਾਲਿਆਂ ਲਈ ਜਾਣਕਾਰੀ ਵਾਰਤਾਲਾਪ ਸੈਸ਼ਨ (workshops):
ਵੈਬਸਾਈਟ: ***www.humanservices.alberta.ca >***

**ਅਲਬਰਟਾ ਵਿੱਚ ਕੰਮ ਕਰਨਾ**
ਵੈਬਸਾਈਟ: ***www.humanservices.alberta.ca > Programs & Services . Financial Support . Alberta Works***

**ਆਰਗਾਈਲ ਸੈਂਟਰ (Argyll Centre)**
ਇੱਥੇ ਅੰਗਰੇਜ਼ੀ ਤੇ ਫ਼ਰਾਂਸੀਸੀ ਦੋਹਾਂ ਬੋਲੀਆਂ ਵਿੱਚ ਸੇਵਾ ਪ੍ਰਦਾਨ ਕੀਤੀ ਜਾਂਦੀ ਹੈ।
ਪਤਾ: **Argyll Centre, 6325 – Gateway Boulevard**
ਫ਼ੋਨ: **780-644-2827**

**ਕੈਨੇਡਾ ਪਲੇਸ (ਸੈਂਟਰਲ) (Canada Place (Central)**
ਕੇਵਲ ਨੌਕਰੀਆਂ ਲਈ ਕੀਓਸਕਸ (job kiosks), ਇੱਥੇ ਕੋਈ ਮਨੁੱਖੀ (in-person) ਸੇਵਾ ਪ੍ਰਦਾਨ ਨਹੀਂ ਕੀਤੀ ਜਾਂਦੀ।
ਪਤਾ: **Main Floor, 9700 Jasper Avenue**

**ਸਿਟੀ ਸੈਂਟਰ (ਸੈਂਟਰਲ) (City Centre (Central)**
ਪਤਾ: **Main Floor, 10242 – 105 Street**
ਫ਼ੋਨ: **780-415-4900**

**ਨੌਰਥਗੇਟ ਸੈਂਟਰ (ਨੌਰਥ) (Northgate Centre (North)**
ਕੇਵਲ ਮਨੁੱਖੀ (In-person) ਸੇਵਾ
ਪਤਾ: **2050 Northgate Centre, 9499 – 137 Avenue**
ਫ਼ੋਨ: **780-415-9831**

**ਮੈਡੋਲਾਰਕ ਮਾਲ (ਵੈਸਟ) (Meadowlark Mall (West)**
ਪਤਾ: **120 Meadowlark Shopping Centre, 15710 – 87 Avenue**
ਫ਼ੋਨ: **780-415-8116**

**ਵੈਸਟਕੋਰ ਬਿਲਡਿੰਗ (ਵੈਸਟ) (Westcor Building (West))**
ਪਤਾ: **200, Westcor Building, 12323 - Stony Plain Road**
ਫ਼ੋਨ: **780-415-6500**





# ਐਡਮੰਟਨ ਵਿੱਚ ਸਿਹਤਮੰਦ ਰਹਿਣਾ

# 09

## ਸਿਹਤ ਅਤੇ ਡਾਕਟਰੀ ਸਹੂਲਤਾਂ

### ਅਲਬਰਟਾ ਹੈਲਥ ਕੇਅਰ ਇਨਸ਼ਿਉਰੰਸ (Alberta Health Care Insurance)

ਐਡਮੰਟਨ ਵਿੱਚ ਸਿਹਤ ਸੰਭਾਲ ਦੀਆਂ ਸੇਵਾਵਾਂ ਅਲਬਰਟਾ ਹੈਲਥ ਸਰਵਸਿਜ਼ ਵਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇਹ ਬਹੁਤ ਜ਼ਰੂਰੀ ਹੈ ਕਿ ਅਲਬਰਟਾ ਹੈਲਥ ਨਾਲ ਤੁਹਾਡੇ ਪਰਵਾਰ ਦਾ ਹਰ ਜੀਅ ਦਰਜ ਕੀਤਾ ਜਾਏ ਅਤੇ ਸਿਹਤ ਸਬੰਧੀ ਸੇਵਾਵਾਂ ਪ੍ਰਾਪਤ ਕਰਨ ਲਈ ਤੁਸੀਂ ਆਪਣਾ ਅਲਬਰਟਾ ਪਰਸਨਲ ਹੈਲਥ ਕਾਰਡ (Alberta Personal Health Card) ਦਿਖਾਓ। ਅਲਬਰਟਾ ਹੈਲਥ ਨਾਲ ਆਪਣਾ ਨਾਮ ਦਰਜ ਕਰਵਾਉਣ ਲਈ ਇਸ ਵੈਬਸਾਈਟ ਤੇ ਜਾਓ:

*ਵੈਬਸਾਈਟ: **www.health.alberta.ca > Health Care Insurance > Register for AHCIP***

### ਹੈਲਥ ਲਿੰਕ ਅਲਬਰਟਾ (Health Link Alberta)

ਸਿਹਤ ਸਬੰਧੀ ਸਲਾਹ ਤੇ ਜਾਣਕਾਰੀ ਲਈ ਹੈਲਥ ਲਿੰਕ **(HealthLink) 24**-ਘੰਟੇ ਦੀ ਫ਼ੋਨ ਤੇ ਸੇਵਾ ਪ੍ਰਦਾਨ ਕਰਦੇ ਹਨ। ਤੁਸੀਂ ਇੱਥੇ ਫ਼ੋਨ ਕਰਕੇ ਤਜਰਬੇਕਾਰ ਰਜਿਸਟਰਡ ਨਰਸ ਨਾਲ ਜਾਂ ਕਿਸੇ ਪੇਸ਼ਾਵਰ ਸਿਹਤ ਰੱਖਿਅਕ ਨਾਲ ਆਪਣੀ ਸਿਹਤ ਨਾਲ ਜੁੜੇ ਕਿਸੇ ਵੀ ਮਸਲੇ ਬਾਰੇ ਜਾਂ ਸਿਹਤ ਦੇ ਕਿਸੇ ਵੀ ਵਿਸ਼ੇ, ਸਿਹਤ ਸੰਭਾਲ ਦੀਆਂ ਸੇਵਾਵਾਂ, ਫ਼ੈਮਲੀ ਡਾਕਟਰ ਜੋ ਨਵੇਂ ਮਰੀਜ਼ ਲੈਂਦੇ ਹਨ, ਅਤੇ ਹੋਰ ਬਹੁਤ ਕੁਝ ਬਾਰੇ ਪੁੱਛ ਸਕਦੇ ਹੋ। *ਹੈਲਥ ਲਿੰਕ **(Health Link) 120** ਬੋਲੀਆਂ ਵਿੱਚ ਦੁਭਾਸ਼ੀਏ ਪ੍ਰਦਾਨ ਕਰ ਸਕਦੇ ਹਨ।*

ਫ਼ੋਨ: **780-408-5465 or 1-866-408-5465**

*ਵੈਬਸਾਈਟ: **www.myhealth.alberta.ca***

## ਦੰਦਾ ਦੇ ਡਾਕਟਰ ਦੀ ਭਾਲ

ਅਲਬਰਟਾ ਹੈਲਥ ਕੇਅਰ ਇਨਸ਼ਿਉਰੰਸ (Alberta Health Care insurance) ਦੰਦਾ ਦੇ ਇਲਾਜ ਦਾ ਖਰਚ ਅਦਾ ਨਹੀਂ ਕਰਦੀ। ਬਹੁਤ ਲੋਕ ਦੰਦਾ ਦਾ ਇਲਾਜ ਪ੍ਰਾਈਵੇਟ ਦੰਦਾ ਦੇ ਕਲਿਨਿਕ ਤੋਂ ਕਰਵਾਉਂਦੇ ਹਨ। ਦੰਦਾ ਦੇ ਕੁਝ ਕੁ ਇਲਾਜਾਂ ਦਾ ਖਰਚ ਕੁਝ ਪ੍ਰਾਈਵੇਟ ਜਾਂ ਕਰਮਚਾਰੀ ਬੀਮਾ ਯੋਜਨਾਵਾਂ (employee insurance plans) ਦੇਂਦੀਆਂ ਹਨ। ਜੇ ਤੁਹਾਡੇ ਕੋਲ ਇਨ੍ਹਾਂ ਵਿਚੋਂ ਕਿਸੇ ਵੀ ਬੀਮਾ ਕੰਪਨੀ ਦਾ ਪਲੈਨ ਨਹੀਂ ਹੈ ਤਾਂ ਤੁਹਾਨੂੰ ਦੰਦਾ ਦੇ ਇਲਾਜ ਦਾ ਖਰਚ ਆਪ ਦੇਣਾ ਪਵੇਗਾ।

ਦੰਦਾ ਦਾ ਡਾਕਟਰ ਲੱਭਣ ਲਈ ਇੰਟਰਨੈਟ (internet) ਤੇ ਜਾ ਕੇ ਲਿਖੋ "ਫ਼ਾਂਈਡ ਏ ਡੈਂਟਿਸਟ ਇਨ ਐਡਮੰਟਨ" ("find a dentist in Edmonton")

## ਘੱਟ ਕੀਮਤ ਤੇ ਦੰਦਾ ਦਾ ਇਲਾਜ

**ਬੋਇਲ ਮੇਕਾਲੀ ਹੈਲਥ ਸੈਂਟਰ – ਡੈਂਟਲ ਕਲਿਨਿਕ (Boyle McCauley Health Centre – Dental Clinic)**

ਉਨ੍ਹਾਂ ਲੋਕਾਂ ਲਈ ਸੇਵਾਵਾਂ ਜੋ ਬੋਇਲ ਸਟਰੀਟ, ਮੇਕਾਲੀ ਅਤੇ ਨੌਰਵੂਡ ਦੇ ਇਲਾਕਿਆਂ ਵਿੱਚ ਰਹਿੰਦੇ ਹਨ। ਆਮਦਨ ਦੇ ਆਧਾਰ ਤੇ ਤੁਹਾਡੀ ਫ਼ੀਸ ਘੱਟ ਹੋ ਸਕਦੀ ਹੈ।

ਮੁਲਾਕਾਤ ਕਰਨ ਲਈ, ਫ਼ੋਨ ਕਰੋ: 780-421-7333

---

ਐਡਮੰਟਨ ਵਿੱਚ ਦੋ ਸਿੱਖਿਆ ਦੇ ਕਲਿਨਿਕ ਹਨ ਜੋ ਆਮ ਜਨਤਾ ਦਾ ਘੱਟ ਕੀਮਤ ਤੇ ਦੰਦਾ ਦਾ ਇਲਾਜ ਕਰਦੇ ਹਨ। ਇਹ ਸੇਵਾ ਉਹ ਵਿਦਿਆਰਥੀ ਕਰਦੇ ਹਨ ਜੋ ਦੰਦਾ ਦੇ ਡਾਕਟਰ ਬਨਣ ਲਈ ਸਿੱਖਿਆ ਲੈ ਰਹੇ ਹਨ, ਅਤੇ ਇਹ ਕੰਮ ਉਹ ਇਕ ਰਜਿਸਟਰਡ ਪੇਸ਼ਾਵਰ ਦੰਦਾ ਦੇ ਡਾਕਟਰ ਦੀ ਨਿਗਰਾਨੀ ਹੇਠ ਕਰਦੇ ਹਨ।

**ਨੇਟ ਡੈਂਟਲ ਕਲਿਨਿਕ (NAIT Dental Clinic )**

ਫ਼ੋਨ: 780.471.7786

ਵੈਬਸਾਈਟ: *www.nait.ca > Dental Clinic*

**ਯੂਨੀਵਰਸਟੀ ਆਫ਼ ਅਲਬਰਟਾ ਡੈਂਟਲ ਕਲਿਨਿਕ (University of Alberta Dental Clinic)**

ਫ਼ੋਨ: 780-407-5550

ਵੈਬਸਾਈਟ: *www.dentistry.ualberta.ca > Patient Care*

## ਪਰਵਾਰ ਲਈ ਡਾਕਟਰ ਦੀ ਭਾਲ

ਨਵੇਂ ਮਰੀਜ਼ਾਂ ਨੂੰ ਲੈਣ ਵਾਲੇ ਡਾਕਟਰ ਦੀ ਭਾਲ ਕਰਨ ਲਈ ਤੁਸੀਂ ਹੇਠ ਲਿਖੀ ਵੈਬਸਾਈਟ ਤੇ ਜਾ ਕੇ ਆਪਣਾ ਪੋਸਟਲ ਕੋਡ (postal code), ਲਿੰਗ ਜਾਂ ਬੋਲੀ ਲਿਖ ਕੇ ਲੱਭ ਸਕਦੇ ਹੋ:

ਵੈਬਸਾਈਟ: *www.edmontonareadocs.ca*

## ਪ੍ਰਾਈਮਰੀ ਕੇਅਰ ਨੈਟਵਰਕਸ PRIMARY CARE NETWORKS

ਆਪਣੇ ਇਲਾਕੇ ਵਿੱਚ ਸਿਹਤ-ਸੰਭਾਲ ਪ੍ਰਣਾਲੀ ਅਤੇ ਡਾਕਟਰ ਦੀ ਭਾਲ ਕਰਨ ਲਈ ਤੁਸੀਂ ਪ੍ਰਾਈਮਰੀ ਕੇਅਰ ਨੈਟਵਰਕ (Primary Care Network (PCN) ਤੋਂ ਪੁੱਛ-ਪੜਤਾਲ ਕਰ ਸਕਦੇ ਹੋ। PCN ਸਥਾਨਕ ਡਾਕਟਰਾਂ ਅਤੇ ਸਿਹਤ-ਸੰਭਾਲ ਦੇ ਹੋਰ ਪੇਸ਼ਾਵਰ ਮਾਹਿਰਾਂ ਨੂੰ ਇੱਕਠਾ ਕਰਦਾ ਹੈ ਤਾਂ ਕਿ ਮਰੀਜ਼ਾਂ ਦਾ ਉਨ੍ਹਾਂ ਦੀ ਮਿਲਵੀਂ ਸੂਝ-ਬੂਝ (comprehensive) ਨਾਲ ਚੰਗਾ ਇਲਾਜ ਹੋ ਸਕੇ। ਆਪਣੇ ਇਲਾਕੇ ਵਿੱਚ ਉਹ ਡਾਕਟਰ ਲੱਭਣ ਲਈ ਜੋ ਨਵੇਂ ਮਰੀਜ਼ ਲੈ ਲੈਂਦੇ ਹਨ, ਇਹ ਜਾਨਣ ਲਈ ਕਿ ਉਹ ਬਿਨਾ ਮੁਲਾਕਾਤ ਦੀ ਤਰੀਕ (walk-in) ਦੇ ਆਏ ਮਰੀਜ਼ਾਂ ਨੂੰ ਮਨਜ਼ੂਰ ਕਰ ਲੈਂਦੇ ਹਨ, ਅਤੇ ਉਨ੍ਹਾਂ ਵਲੋਂ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਹੋਰ ਸੇਵਾਵਾਂ ਬਾਰੇ ਜਾਣਕਾਰੀ ਲਈ ਆਪਣੀ ਸਥਾਨਕ PCN ਦੀ ਵੈਬਸਾਈਟ ਤੇ ਜਾਓ।

**ਐਡਮੰਟਨ ਨੌਰਥ PCN (Edmonton North PCN)**

ਫ਼ੋਨ: 780-473-7131

ਵੈਬਸਾਈਟ: *www.enpcn.com*

**ਐਡਮੰਟਨ ਓਲੀਵਰ PCN (Edmonton Oliver PCN)**

ਫ਼ੋਨ: 780-701-5393

ਵੈਬਸਾਈਟ: *www.edmontonoliverpcn.com*

**ਐਡਮੰਟਨ ਸਊਥ ਸਾਈਡ PCN (Edmonton Southside PCN)**


ਫ਼ੋਨ: 780-395-2626

ਵੈਬਸਾਈਟ: *www.edmontonsouth sidepcn.ca*

**ਐਡਮੰਟਨ ਵੈਸਟ PCN (Edmonton West PCN)**

ਫ਼ੋਨ: 780-702-6860

ਵੈਬਸਾਈਟ: *www.edmontonwestpcn.com*





## ਹਸਪਤਾਲ ਸੰਕਟ-ਕਾਲ ਸੇਵਾ

**ਜਦੋਂ ਸਰੀਰਕ ਤਕਲੀਫ਼ ਕਰਕੇ ਜ਼ਿੰਦਗੀ ਖਤਰੇ ਵਿੱਚ ਹੋਵੇ ਤਾਂ ਐਂਬੂਲੈਂਸ ਲਈ ਫ਼ੋਨ ਕਰੋ ਜਾਂ ਸਿੱਧਾ ਆਪਣੇ ਨਜ਼ਦੀਕੀ ਸੰਕਟ ਕਾਲ ਵਿਭਾਗ (emergency department) ਵਿੱਚ ਜਾਓ.**

**ਫ਼ੋਨ: 911 ਐਂਬੂਲੈਂਸ ਲਈ**

**ਜੇ ਸਿਹਤ ਸਮੱਸਿਆਵਾਂ ਬਹੁਤੀਆਂ ਗੰਭੀਰ ਨਾ ਹੋਣ ਅਤੇ ਤੁਰੰਤ ਧਿਆਨ ਦੀ ਲੋੜ ਨਾ ਹੋਵੇ ਤਾਂ ਆਪਣੇ ਪਰਵਾਰਿਕ ਡਾਕਟਰ ਨੂੰ ਮਿਲਣ ਲਈ ਮੁਲਾਕਾਤ ਦਾ ਸਮਾਂ ਲਵੋ ਜਾਂ ਉਸ ਕਲਿਨਿਕ ਵਿੱਚ ਜਾਓ ਜਿੱਥੇ ਪਹਿਲਾਂ ਮੁਲਾਕਾਤ ਲੈਣ ਦੀ ਜ਼ਰੂਰਤ ਨਹੀਂ ਹੈ (walk-in clinic).**



## ਹਸਪਤਾਲਾਂ ਦੀ ਸਥਿੱਤੀ ਤੇ ਪਤੇ

### ਪੱਛਮੀ ਐਡਮੰਟਨ

**ਮਿਜ਼ਰਕੋਡੀਆ ਹਸਪਤਾਲ (Misericordia Hospital**
ਪਤਾ: 16940 – 87 Avenue
ਫ਼ੋਨ: 780-735-2000

### ਉੱਤਰ ਪੂਰਬੀ ਐਡਮੰਟਨ

**ਨੌਰਥਈਸਟ ਕਮਿਊਨੀਟੀ ਹੈਲਥ ਸੈਂਟਰ (Northeast Community Health Centre)**
ਪਤਾ: 14007 – 50 Street
ਫ਼ੋਨ: 780-342-4000

### ਸੈਂਟਰਲ, ਨੌਰਥਈਸਟ ਐਡਮੰਟਨ (Central, Northeast Edmonton)

**ਰੋਇਲ ਅਲੈਗਜ਼ੈਂਡਰਾ ਹੋਸਪੀਟਲ (Royal Alexandra Hospital)**
ਪਤਾ: 10240 – Kingsway Avenue
ਫ਼ੋਨ: 780-735-4111

### ਸਊਥਈਸਟ ਐਡਮੰਟਨ (Southeast Edmonton)

**ਗ੍ਰੇ ਨਨਜ਼ ਕਮਿਊਨੀਟੀ ਹੋਸਪੀਟਲ (Grey Nuns Community Hospital)**
ਪਤਾ: 1100 Youville Drive West
ਫ਼ੋਨ: 780-735-7000

### ਦੱਖਣ ਪੱਛਮੀ ਐਡਮੰਟਨ

**ਯੂਨੀਵਰਸਟੀ ਆਫ਼ ਅਲਬਰਟਾ ਹੋਸਪੀਟਲ ਐਂਡ ਸਟੌਲਰੀ ਚਿਲਡਰਨਜ਼ ਹੋਸਪੀਟਲ (University of Alberta Hospital and Stollery Children's Hospital)**
ਪਤਾ: 8440 – 112 Street
ਫ਼ੋਨ: 780-407-8822

## ਵਾਕ-ਇਨ-ਕਲਿਨਿਕਸ (WALK-IN CLINICS)

ਜੇ ਤੁਹਾਡਾ ਕੋਈ ਪਰਵਾਰਿਕ ਡਾਕਟਰ ਨਹੀਂ ਹੈ ਜਾਂ ਤੁਸੀਂ ਮੁਲਾਕਾਤ ਲਈ ਉਡੀਕ ਨਹੀਂ ਕਰ ਸਕਦੇ ਤਾਂ ਤੁਸੀਂ ਵਾਕ-ਇਨ-ਕਲਿਨਿਕ (walk-in clinic) (ਜਿੱਥੇ ਪਹਿਲਾਂ ਮੁਲਾਕਾਤ ਲਈ ਸਮਾਂ ਲੈਣ ਦੀ ਜ਼ਰੂਰਤ ਨਹੀਂ ਪੈਂਦੀ) ਵਿੱਚ ਜਾ ਕੇ ਡਾਕਟਰ ਨੂੰ ਮਿਲ ਸਕਦੇ ਹੋ।

**ਡੁਮੀਨੀਅਨ ਮੈਡੀਕਲ ਸੈਂਟਰਜ਼ (Dominion Medical Centers)**

ਦੱਖਣੀ ਐਡਮੰਟਨ ਵਿੱਚ ਡੁਮੀਨੀਅਨ ਮੈਡੀਕਲ ਸੈਂਟਰਜ਼ ਦੇ ਤਿੰਨ ਵਾਕ-ਇਨ-ਕਲਨਿਕਿਸ (walk-in clinics) ਹਨ। ਤੁਸੀਂ ਫ਼ੋਨ ਕਰ ਕੇ ਪਤਾ ਕਰ ਸਕਦੇ ਹੋ ਕਿ ਤੁਹਾਨੂੰ ਡਾਕਟਰ ਨੂੰ ਮਿਲਣ ਵਾਸਤੇ ਕਿਤਨੀ ਦੇਰ ਉਡੀਕ ਕਰਨੀ ਪਵੇਗੀ।

ਵੈਬਸਾਈਟ: *www.dominionhc.com*

- ਸੈਂਚਰੀ ਪਾਰਕ (Century Park)
  ਫ਼ੋਨ: 780-436-0020
- ਮੈਕਟੈਗਰਟ (Mactaggart)
  ਫ਼ੋਨ: 780-801-1220
- ਪਾਰਸਨਜ਼ (Parsons)
  ਫ਼ੋਨ: 780-801-3360

**ਮੈਡੀਸੈਂਟਰਜ਼ (MediCentres)**

ਐਡਮੰਟਨ ਵਿੱਚ ਮੈਡੀਸੈਂਟਰਜ਼ ਦੇ ਬਹੁਤ ਕਲਿਨਿਕ ਹਨ। ਆਪਣੇ ਨੇੜੇ ਦੇ ਕਲਿਨਿਕ ਬਾਰੇ ਜਾਨਣ ਲਈ ਇਸ ਵੈਬਸਾਈਟ ਤੇ ਜਾਓ:

ਵੈਬਸਾਈਟ: *www.medicentres.com> Clinic Locations*

**ਹੋਰ ਵਾਕ-ਇਨ-ਕਲਿਨਿਕਸ**

ਐਡਮੰਟਨ ਵਿੱਚ ਹੋਰ ਵਾਕ-ਇਨ-ਕਲਿਨਿਕਸ ਬਾਰੇ ਜਾਨਣ ਲਈ:

*Google: Edmonton walk-in clinics*

## ਪਬਲਿਕ ਹੈਲਥ ਸੈਂਟਰਜ਼ (PUBLIC HEALTH CENTRES)

ਪਬਲਿਕ ਹੈਲਥ ਸੈਂਟਰਜ਼ ਭਾਈਚਾਰੇ ਨੂੰ ਸਿਹਤ ਸਬੰਧੀ ਜਾਣਕਾਰੀ ਅਤੇ ਤੰਦਰੁਸਤ ਰਹਿਣ ਲਈ ਹੋਰ ਸੇਵਾਵਾਂ ਪ੍ਰਦਾਨ ਕਰਦੇ ਹਨ। ਇਨ੍ਹਾਂ ਵਿੱਚ ਸ਼ਾਮਲ ਹਨ, ਰੋਗਾਂ ਤੋਂ ਬਚਾਓ ਲਈ ਟੀਕੇ (immunization), ਬੱਚੇ ਦੇ ਜਨਮ ਤੋਂ ਪਹਿਲਾਂ ਤੇ ਨਵੇਂ ਜੰਮੇ ਬੱਚੇ ਦੀ ਦੇਖ-ਭਾਲ, ਅਤੇ ਕਈ ਪ੍ਰਕਾਰ ਦੇ ਸਿਹਤ ਅਤੇ ਤੰਦਰੁਸਤੀ ਲਈ ਕਲਿਨਿਕਸ। ਇਹ ਪਬਲਿਕ ਹੈਲਥ ਸੈਂਟਰਜ਼ ਬਹੁਤ ਛੋਟੇ ਬੱਚੇ ਲਈ ਸੁਰੱਖਿਅਤ ਕਾਰ ਸੀਟ ਸਬੰਧੀ ਅਤੇ ਬਾਈਸਿਕਲ ਹੈਲਮਟ ਦੀ ਸਹੀ ਵਰਤੋਂ ਬਾਰੇ ਜਾਣਕਾਰੀ ਵੀ ਦੇਂਦੇ ਹਨ।

## ਪਬਲਿਕ ਹੈਲਥ ਸੈਂਟਰਜ਼ (Public Health Centres) ਦੇ ਸਥਾਨ

**ਬੋਨੀਡੂਨ (Bonnie Doon)**

ਪਤਾ: 8314 – 88 Avenue
ਫ਼ੋਨ: 780-342-1520

**ਨੌਰਥਗ਼ੇਟ (Northgate)**

ਪਤਾ: Suite #2020, Northgate Centre, 9499 – 137 Avenue
ਫ਼ੋਨ: 780-342-2400

**ਈਸਟਗੇਟ (East Edmonton)**

ਪਤਾ: 7910 – 112 Avenue
ਫ਼ੋਨ: 780-342-4719

**ਮਿਲਵੁਡਜ਼ (Millwoods)**

ਪਤਾ: 7525 – 38 Avenue
ਫ਼ੋਨ: 780-342-1660

**ਨੌਰਥ ਈਸਟ (North East)**

ਪਤਾ: 14007 – 50 Street
ਫ਼ੋਨ: 780-342-4020

**ਟਵਿਨ ਬਰੁਕਸ (Twin Brooks)**

ਪਤਾ: 1110 – 113 Street
ਫ਼ੋਨ: 780-342-1560

**ਵੈਸਟ ਜੈਸਪਰ ਪਲੇਸ (West Jasper Place)**

ਪਤਾ: 9720 – 182 Street
ਫ਼ੋਨ: 780-342-1234

**ਵੁਡਕਰੋਫ਼ਟ (Woodcroft)**

ਪਤਾ: 13221 – 115 Avenue
ਫ਼ੋਨ: 780-342-1600

**ਰੁਦਰਫ਼ੋਰਡ (Rutherford)**

ਪਤਾ: 11153 – Ellerslie Road
ਫ਼ੋਨ: 780-342-6800

## ਮਲਟੀਕਲਚਰਲ ਹੈਲਥ ਬਰੋਕਰਜ਼ ਕੋ-ਓਪਰੇਟਿਵ (MULTICULTURAL HEALTH BROKERS CO-OPERATIVE (MCHB) )

MCHB ਆਵਾਸੀ ਤੇ ਸ਼ਰਨਾਰਥੀ ਪਰਵਾਰਾਂ ਨੂੰ ਸਹਾਰਾ ਦੇਂਦੇ ਹਨ। ਇੱਥੇ ਅਜਿਹੇ ਬਹੁਤ ਪ੍ਰੋਗਰਾਮ ਤੇ ਸੇਵਾਵਾਂ ਹਨ ਜੋ ਛੋਟੇ ਬੱਚਿਆਂ ਵਾਲੇ ਪਰਵਾਰਾਂ ਦੀ ਸਿਹਤ ਵਲ ਉਚੇਚਾ ਧਿਆਨ ਦੇਂਦੇ ਹਨ। MCHB ਉਨ੍ਹਾਂ ਨਵੇਂ ਆਏ ਪਰਵਾਰਾਂ ਦੀ ਸਹਾਇਤਾ ਵੀ ਕਰਦੇ ਹਨ ਜਿਨ੍ਹਾਂ ਦੀਆਂ ਇਸਤ੍ਰੀਆਂ ਗਰਭਵਤੀ ਹੋ ਜਾਂਦੀਆ ਹਨ। ਇਸਦੇ ਨਾਲ ਹੀ ਸਿਹਤ ਸਬੰਧੀ ਹੋਰ ਸੇਵਾਵਾਂ ਬਾਰੇ ਨਵੇਂ ਆਇਆਂ ਦੀ ਸਹਾਇਤਾ ਉਨ੍ਹਾਂ ਦੀ ਆਪਣੀ ਬੋਲੀ ਵਿੱਚ ਸਭਿਅਕ ਰਵਾਇਤਾਂ ਨੂੰ ਮੁੱਖ ਰਖ ਕੇ ਕਰਦੇ ਹਨ।

ਪਤਾ: 9538 – 107 Avenue
ਫ਼ੋਨ: 780 423-1973
ਵੈਬਸਾਈਟ: *www.mchb.org*

## ਭਾਈਚਾਰੇ ਲਈ ਦਿਮਾਗੀ ਤੰਦਰੁਸਤੀ ਦੇ ਕਲਿਨਿਕ, (ਅਲਬਰਟਾ ਹੈਲਥ ਸਰਵਿਸਜ਼) (ALBERTA HEALTH SERVICES)

ਇਹ ਸੇਵਾਵਾਂ ਉਨ੍ਹਾਂ ਬਾਲਗ ਵਿਅਕਤੀਆਂ ਲਈ ਹਨ ਜੋ ਬਹੁਤ ਪੁਰਾਣੀ ਅਤੇ ਗੰਭੀਰ ਦਿਮਾਗੀ ਬਿਮਾਰੀ ਦਾ ਸ਼ਿਕਾਰ ਹਨ।
ਫ਼ੋਨ: 780-342-7600
ਵੈਬਸਾਈਟ: *www.albertahealthservices.ca > Information For > Patients & Families > Addiction and Mental Health*

## ਕਰਾਈਸਜ਼ ਸਪੋਰਟ ਸੈਂਟਰ (CRISIS (SUPPORT CENTRE) – 24 ਘੰਟੇ ਲਈ ਸੰਕਟ ਸਮੇਂ ਸਹਾਇਤਾ ਫ਼ੋਨ-ਲਾਈਨ

ਕਰਾਈਸਜ਼ ਸਪੋਰਟ ਸੈਂਟਰ ਸੰਕਟ ਦੀ ਲਪੇਟ ਵਿੱਚ ਆਏ ਲੋਕਾਂ ਨੂੰ ਤੁਰੰਤ ਸਹਾਰਾ ਪ੍ਰਦਾਨ ਕਰਦਾ ਹੈ। ਇਹ ਲੋਕਾਂ ਦੀ ਔਖੇ ਸਮੇਂ ਵਿੱਚ ਸਹਾਇਤਾ ਕਰਦਾ ਹੈ, ਜਿਵੇਂ ਰੋਜ਼ਾਨਾ ਜ਼ਿੰਦਗੀ ਦੇ ਤਨਾਵ ਅਤੇ ਇਸ ਤਰ੍ਹਾਂ ਦੀਆਂ ਘਟਨਾਵਾਂ ਜਿਨ੍ਹਾਂ ਵਿਚੋਂ ਕਦੀ ਵੀ ਕਿਸੇ ਨੂੰ ਇੱਕਲਿਆਂ ਨਾ ਗੁਜ਼ਰਨਾ ਪਵੇ, ਉਦਾਹਰਣ ਵਜੋਂ ਆਤਮਹਤਿਆ, ਬਲਾਤਕਾਰ, ਪਰਵਾਰਿਕ ਤਸ਼ੱਦਦ, ਨੌਕਰੀ ਨਾਲ ਸਬੰਧਤ ਤਨਾਵ, ਆਰਥਿਕ ਸਮੱਸਿਆਵਾਂ, ਬੁਰੀਆਂ ਆਦਤਾਂ (ਜਿਵੇਂ ਨਸ਼ੇ) ਆਦਿ। ਤੁਸੀਂ ਇਨ੍ਹਾਂ ਨੂੰ ਫ਼ੋਨ ਕਰੋ, ਆਪ ਜਾਓ, ਜਾਂ ਓਨਲਾਈਨ ਹੋਵੋ, ਇਹ ਤੁਹਾਨੂੰ ਹਮੇਸ਼ਾਂ ਮਿਲ ਜਾਣਗੇ।
ਫ਼ੋਨ: 780-482-(HELP) 4357
ਵੈਬਸਾਈਟ: *www.crisissupportcentre.com/*



## ਸਲਾਹ-ਮਸ਼ਵਰਾ (COUNSELLING)

ਐਡਮੰਟਨ ਸ਼ਹਿਰ ਵਲੋਂ ਤੁਹਾਡੀ ਨਿੱਜੀ ਸਥਿੱਤੀ ਦਾ ਅਨੁਮਾਨ (assessment) ਅਤੇ ਥੋੜੇ ਸਮੇਂ ਲਈ ਸਲਾਹ-ਮਸ਼ਵਰੇ (counselling) ਦੀ ਸੇਵਾ ਪ੍ਰਦਾਨ ਕੀਤੀ ਜਾਂਦੀ ਹੈ। ਤੁਸੀਂ ਨਿੱਜੀ ਤੌਰ ਤੇ ਇਕਾਂਤ ਵਿੱਚ ਪੇਸ਼ਾਵਰ ਸਮਾਜ ਸੇਵਕ ਨੂੰ ਮਿਲਕੇ ਆਪਣੀਆਂ ਹਰ ਰੋਜ਼ ਦੀਆਂ ਪਰਵਾਰਿਕ ਚਿੰਤਾਵਾਂ, ਰਿਸ਼ਤਿਆਂ ਦੇ ਤਨਾਵ, ਬੱਚਿਆਂ ਦੇ ਪਾਲਣ-ਪੋਸਣ ਦੀਆਂ ਸਮੱਸਿਆਵਾਂ, ਇਥੋਂ ਤਕ ਕਿ ਪਰਵਾਰਿਕ ਦੁਰਵਿਵਹਾਰ ਤੇ ਤਸ਼ੱਦਦ ਬਾਰੇ ਵੀ ਗਲ ਕਰ ਸਕਦੇ ਹੋ। ਇਥੋਂ ਦੇ ਕਰਮਚਾਰੀ ਤੁਹਾਨੂੰ ਜਾਣਕਾਰੀ ਦੇਣਗੇ, ਹਵਾਲੇ ਦੇਣਗੇ (ਕਿਸੇ ਹੋਰ ਨਾਲ ਮੁਲਾਕਾਤ ਲਈ) ਅਤੇ ਸਹਾਰਾ ਵੀ ਦੇਣਗੇ ਜਿਵੇਂ ਥੋੜੇ ਸਮੇਂ ਲਈ ਹਾਲਾਤ ਅਨੁਸਾਰ ਵਿਅਕਤੀਗਤ ਜਾਂ ਗਰੁਪ ਵਿੱਚ ਸਲਾਹ-ਮਸ਼ਵਰਾ।

ਫ਼ੋਨ ਕਰਕੇ ਮੁਲਾਕਾਤ ਲਈ ਸਮਾਂ ਲਵੋ। ਕੰਮ ਦਾ ਸਮਾਂ ਹੈ ਸਵੇਰੇ 8:30 ਵਜੇ ਤੋਂ ਲੈ ਕੇ ਸ਼ਾਮ 4:30 ਵਜੇ ਤਕ, ਸੋਮਵਾਰ ਤੋਂ ਸ਼ੁਕਰਵਾਰ ਤਕ। ਕੁਝ ਕੁ ਸ਼ਾਮ ਦੀਆਂ ਮੁਲਾਕਾਤਾਂ ਵੀ ਮਿਲ ਸਕਦੀਆਂ ਹਨ.
ਫ਼ੋਨ: 780-496-4777
ਪਤਾ: Circle Square 11808 – St. Albert Trail
ਵੈਬਸਾਈਟ: *www.edmonton.ca > Counselling Services*

### 211 ਐਡਮੰਟਨ ਸਹਾਇਕ ਸੰਸਥਾ-ਸੰਗ੍ਰਹਿ (The Support Network)

ਤੁਸੀਂ 211 ਨੰਬਰ ਤੇ ਫ਼ੋਨ ਕਰਕੇ ਉਨ੍ਹਾਂ ਵਿਆਕਤੀਆਂ ਨਾਲ ਗਲ ਕਰ ਸਕਦੇ ਹੋ ਜੋ ਜ਼ਿੰਦਗੀ ਦੀਆਂ ਸਮੱਸਿਆਵਾਂ ਦੇ ਹਲ ਲੱਭਣ ਲਈ ਤੁਹਾਡੀ ਮੁਫ਼ਤ ਸਹਾਇਤਾ ਕਰ ਸਕਦੇ ਹਨ। ਜਦੋਂ ਤੁਸੀਂ ਸੰਕਟ ਵਿੱਚ ਹੋਵੋ ਜਾਂ ਕਿਸੇ ਤਕਲੀਫ਼ ਵਿਚੋਂ ਗੁਜ਼ਰ ਰਹੇ ਹੋਵੋ ਤਾਂ ਇਹ ਤੁਹਾਡੀ ਸਹਾਇਤਾ ਕਰ ਸਕਦੇ ਹਨ। ਇਹ ਸੇਵਾ ਦਿਨ ਦੇ 24 ਘੰਟੇ ਮਿਲ ਸਕਦੀ ਹੈ। ਫ਼ੋਨ ਤੇ ਜਿਨ੍ਹਾਂ ਨਾਲ ਤੁਸੀਂ ਗਲ ਕਰਦੇ ਹੋ ਉਹ ਤੁਹਾਡੇ ਬਾਰੇ ਕੋਈ ਅੰਦਾਜ਼ਾ ਜਾਂ ਰਾਏ ਨਹੀਂ ਬਣਾਉਂਦੇ। ਉਹ ਬੜੇ ਧਿਆਨ ਨਾਲ ਤੁਹਾਡੀ ਗਲ ਸੁਣਦੇ ਹਨ ਅਤੇ ਤੁਹਾਨੂੰ ਸਮਾਜਕ ਸਹਾਇਕ ਸੇਵਾ ਬਾਰੇ ਜਾਣਕਾਰੀ ਦੇਂਦੇ ਹਨ ਜੋ ਐਡਮੰਟਨ ਵਿੱਚ ਬਹੁਤ ਸਾਰੀਆਂ ਸੰਸਥਾਵਾਂ ਤੋਂ ਮਿਲ ਸਕਦੀ ਹੈ। 211 ਐਡਮੰਟਨ ਦੀ ਸੰਸਥਾ ਤੁਹਾਡੀ ਇਨ੍ਹਾਂ ਜ਼ਰੂਰਤਾਂ ਲਈ ਸਹਾਇਤਾ ਕਰ ਸਕਦੀ ਹੈ:

- ਮੁੱਢਲੀਆਂ ਜ਼ਰੂਰਤਾਂ (ਖ਼ੁਰਾਕ, ਕਪੜੇ, ਘਰ ਅਤੇ ਆਰਥਿਕ ਸਹਾਇਤਾ)
- ਰੁਜ਼ਗਾਰ ਦੇ ਸਾਧਨ
- ਬੱਚਿਆਂ ਦੀ ਪਾਲਣਾ ਸਬੰਧੀ ਸਹਾਇਤਾ
- ਸਲਾਹ-ਮਸ਼ਵਰਾ/ਸਹਾਇਕ ਗਰੁਪ (counselling/support groups)
- ਸਿਹਤ-ਸੰਭਾਲ
- ਕਾਨੂੰਨੀ ਸੇਵਾਵਾਂ (legal services)
- ਅਤੇ ਹੋਰ ਬਹੁਤ ਕੁਝ...

ਫ਼ੋਨ: 211
ਵੈਬਸਾਈਟ: *www.211edmonton.com/*

# ਬੱਚਿਆਂ ਤੇ ਨੌਜਵਾਨਾਂ ਲਈ ਸੇਵਾਵਾਂ

ਐਡਮੰਟਨ ਵਿੱਚ ਬੱਚਿਆਂ ਤੇ ਨੌਜਵਾਨਾਂ ਲਈ ਕਿਹੋ ਜਿਹੇ ਰੁਝੇਵੇਂ ਤੇ ਅਵਸਰ ਮੌਜੂਦ ਹਨ, ਇਸ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਜਾਓ:

### ਬਾਲ-ਹਿਤੈਸ਼ੀ ਐਡਮੰਟਨ (Child Friendly Edmonton)

ਵੈਬਸਾਈਟ: *www.edmonton.ca > Programs & Services > Children, Kids, Youth >Child Friendly Edmonton*

### ਨੌਜਵਾਨਾਂ ਲਈ ਸੇਵਾਵਾਂ, ਡਾਇਰੈਕਟਰੀ ਮੈਪ (Youth Services Directory map)

ਜੋ ਕੁਝ ਤੁਸੀਂ ਲੱਭਣਾ ਚਾਹੁੰਦੇ ਹੋ, ਉਸ ਵਾਸਤੇ ਸੱਜੇ ਪਾਸੇ ਸਰਵਸਿਜ਼ (services) ਤੇ ਕਲਿਕ ਕਰੋ।

ਵੈਬਸਾਈਟ: *www.edmonton.ca > Programs & Services > Children, Kids, Youth > YouthPrograms > Youth Services Directory*

### 124 ਯੂਥ ਡਰੋਪ-ਇਨ ਪ੍ਰੋਗਰਾਮ (124 Youth Drop-In Program)

ਇੰਗਲਵੁਡ ਇਲਾਕੇ ਵਿੱਚ ਇਹ ਪ੍ਰੋਗਰਾਮ 12-17 ਸਾਲ ਦੀ ਉਮਰ ਦੇ ਬੱਚਿਆਂ ਲਈ ਹੈ ਜੋ ਬਹੁਤ ਹੀ ਸਕਾਰਾਤਮਕ (positive), ਮੌਜ-ਮਸਤੀ ਵਾਲਾ ਅਤੇ ਹੁਨਰ ਸਿੱਖਣ ਦਾ ਇਕ ਸਾਧਨ ਹੈ।

ਫ਼ੋਨ: 780-944-7421

ਵੈਬਸਾਈਟ: *www.edmonton.ca > Activities, Parks & Recreation > Courses & Activities > Community Drop-In Programs > Youth Programs*

### ਲੀਡਰ ਸਿਖਲਾਈ (Leaders in Training)

ਗਰਮੀ ਦੀ ਰੁੱਤ ਵਿੱਚ ਇਹ ਲੀਡਰ ਬਣਨ ਦੀ ਸਿੱਖਿਆ ਦੇਣ ਵਾਲਾ ਪ੍ਰੋਗਰਾਮ 13-17 ਸਾਲ ਦੀ ਉਮਰ ਦੇ ਜਵਾਨ ਬੱਚਿਆਂ ਲਈ ਹੈ।

ਫ਼ੋਨ: 780-944-7421

ਵੈਬਸਾਈਟ: *www.edmonton.ca > Programs & Services > Children, Kids, Youth > Youth Programs > Leaders in Training*

### ਰਾਈਜ਼ਿੰਗ ਯੂਥ ਡਰੋਪ-ਇਨ ਪ੍ਰੋਗਰਾਮ (Rising Youth Drop-In Program

ਐਡਮੰਟਨ ਦੀ ਸੀਮਾ ਦੇ ਅੰਦਰ ਨਵੇਂ ਤੇ ਉੱਭਰ ਰਹੇ ਭਾਈਚਾਰਿਆਂ ਦੇ ਨੌਜਵਾਨ ਦਿਲਪਰਚਾਵੇ, ਨਾਗਰਿਕਤਾ, ਆਗੂ ਬਣਨ ਅਤੇ ਹੁਨਰ ਸਿੱਖਣ ਦੇ ਪ੍ਰੋਗਰਾਮਾਂ ਵਿੱਚ ਭਾਗ ਲੈਂਦੇ ਹਨ।

ਫ਼ੋਨ: 780-944-7421

ਵੈਬਸਾਈਟ: *www.edmonton.ca > Activities, Parks & Recreation > Courses & Activities > Community Drop-In Programs > Youth Programs*

### ਗਰਮੀ ਰੁੱਤ ਦੇ ਨੌਜਵਾਨਾਂ ਲਈ ਪ੍ਰੋਗਰਾਮ

ਡਰੋਪ-ਇਨ ਪ੍ਰੋਗਰਾਮ, ਸਕੇਟਬੋਰਡ ਵਰਕਸ਼ਾਪਸ (skateboard workshops) ਅਤੇ ਵਿਸ਼ੇਸ਼ ਪ੍ਰੋਗਰਾਮ ਜੋ 12-17 ਸਾਲ ਦੀ ਉਮਰ ਦੇ ਨੌਜਵਾਨਾਂ ਲਈ ਹਨ।

ਫ਼ੋਨ: 780-944-7421

ਵੈਬਸਾਈਟ: *www.edmonton.ca > Activities, Parks & Recreation > Courses & Activities > Community Drop-In Programs > Youth Programs*

### ਪਤਝੱੜ, ਸਰਦੀ, ਅਤੇ ਬਹਾਰ ਰੁੱਤ ਦੇ ਡਰੋਪ-ਇਨ ਪ੍ਰੋਗਰਾਮ

6-12 ਸਾਲ ਦੀ ਉਮਰ ਦੇ ਬਚਿਆਂ ਲਈ ਮਨੋਰੰਜਕ ਡਰੋਪ-ਇਨ ਪ੍ਰੋਗਰਾਮ.

ਵੈਬਸਾਈਟ: *www.edmonton.ca > Activities, Parks & Recreation > Courses and Programs > Drop-inCommunity Programs*

### ਗਰਮੀ ਰੁੱਤ ਦੇ ਬੱਚਿਆਂ ਲਈ ਪ੍ਰੋਗਰਾਮ

6-12 ਸਾਲ ਦੀ ਉਮਰ ਦੇ ਬੱਚਿਆਂ ਲਈ ਮਨੋਰੰਜਕ ਡਰੋਪ-ਇਨ ਪ੍ਰੋਗਰਾਮ।

ਵੈਬਸਾਈਟ: *www.edmonton.ca > Activities, Parks & Recreation > Playgrounds and Spray Decks*

*(*






## ਬਹੁਤ ਸਾਰੀਆਂ ਭਾਈਚਾਰਕ ਸੰਸਥਾਵਾਂ ਵੀ ਬੱਚਿਆਂ ਤੇ ਨੌਜਵਾਨਾਂ ਲਈ ਪ੍ਰੋਗਰਾਮ ਤੇ ਸੇਵਾਵਾਂ ਪ੍ਰਦਾਨ ਕਰਦੀਆਂ ਹਨ। ਇਹ ਕੇਵਲ ਉਨ੍ਹਾਂ ਵਿਚੋਂ ਕੁਝ ਕੁ ਹੀ ਹਨ।

### ਬੱਚਿਆਂ ਦੀ ਦੇਖ-ਭਾਲ

12 ਸਾਲ ਦੀ ਉਮਰ ਤੋਂ ਘੱਟ ਬੱਚਿਆਂ ਨੂੰ ਘਰ ਇੱਕਲਿਆਂ ਛੱਡਣਾ ਅਲਬਰਟਾ ਦੇ ਕਨੂੰਨ ਅਧੀਨ ਬਚਿਆਂ ਵਲੋਂ ਅਣਗਹਿਲੀ ਕਰਨਾ ਸਮਝਿਆ ਜਾ ਸਕਦਾ ਹੈ। ਐਡਮੰਟਨ ਵਿੱਚ ਬੱਚਿਆਂ ਦੀ ਦੇਖ-ਭਾਲ ਲਈ ਬਹੁਤ ਸਾਰੇ ਕੇਂਦਰ ਹਨ। ਸਕੂਲ ਦੀ ਛੁੱਟੀ ਤੋਂ ਬਾਦ ਬੱਚਿਆਂ ਦੀ ਨਿਗਰਾਨੀ ਲਈ ਪ੍ਰੋਗਰਾਮ ਅਤੇ ਕਈ ਪਰਵਾਰਾਂ ਵਿੱਚ ਬੱਚਿਆਂ ਦੀ ਸੰਭਾਲ ਲਈ ਦਿਨ ਦੇ ਸਮੇਂ (family day homes) ਦੇ ਪ੍ਰਬੰਧ ਵੀ ਹਨ। ਦਿਨ ਦੇ ਸਮੇਂ ਬੱਚਿਆਂ ਦੀ ਦੇਖ-ਭਾਲ (day care) ਲਈ ਤੁਹਾਨੂੰ ਖਰਚ ਦੇਣਾ ਪਵੇਗਾ। ਜੇ ਤੁਹਾਡੇ ਪਰਵਾਰ ਦੀ ਆਮਦਨ ਘੱਟ ਹੈ ਤਾਂ ਤੁਸੀਂ ਆਰਥਿਕ ਸਹਾਇਤਾ (subisdy) ਦੇ ਹੱਕਦਾਰ ਹੋ ਸਕਦੇ ਹੋ ਜਿਸ ਨਾਲ ਤੁਹਾਨੂੰ ਬੱਚੇ ਦੀ ਦੇਖ-ਭਾਲ ਦੇ ਖਰਚ ਵਿੱਚ ਸਹਾਇਤਾ ਮਿਲ ਸਕਦੀ ਹੈ।

**ਬੱਚੇ ਦੀ ਦੇਖ-ਭਾਲ ਸਬੰਧੀ ਆਰਥਿਕ ਸਹਾਇਤਾ (subsidy) ਵਾਸਤੇ ਜਾਣਕਾਰੀ ਲਈ ਇਸ ਨੰਬਰ ਤੇ ਫ਼ੋਨ ਕਰੋ:**

ਫ਼ੋਨ: 780-427-0958

ਅਲਬਰਟਾ ਵਿੱਚ ਬੱਚਿਆਂ ਦੀ ਦੇਖ-ਭਾਲ ਕਰਨ ਵਾਲੀਆਂ ਸਭ ਸੰਸਥਾਵਾਂ ਕੋਲ ਲਾਈਸੈਂਸ ਹੋਣਾ ਤੇ ਕਰਮਚਾਰੀਆਂ ਦਾ ਸਿਖਲਾਈ-ਯਾਫ਼ਤਾ ਹੋਣਾ ਬਹੁਤ ਜ਼ਰੂਰੀ ਹੈ।

ਵੈਬਸਾਈਟ: *www.humanservices.alberta.ca > Programs & Services > Family & Community > Child Care > Child Care Lookup Tool*

**ਐਡਮੰਟਨ ਬੋਇਜ਼ ਐਂਡ ਗਰਲਜ਼ ਕਲੱਬਜ਼ ਬਿਗ ਬਰਦਰਜ਼ ਬਿਗ ਸਿਸਟਰਜ਼ (Edmonton Boys and Girls Clubs Big Brothers Big Sisters)**

ਫ਼ੋਨ: 780-424-8181

ਵੈਬਸਾਈਟ:*www.bgcbigs.ca*

**YMCA ਯੰਗ ਮੈਨਜ਼ ਕਰਿਸਚਨ ਐਸੋਸੀਏਸ਼ਨ (Young Men's Christian Association)**

ਇੱਥੇ ਹਰ ਮਜ਼ਹਬ ਦੇ ਲੋਕ ਸਿਹਤ, ਸਿੱਖਿਆ, ਸਮਾਜਕ ਸੇਵਾ ਅਤੇ ਮਨ-ਪਰਚਾਵੇ ਲਈ ਜਾ ਸਕਦੇ ਹਨ।

ਫ਼ੋਨ: 780-428-9469

ਵੈਬਸਾਈਟ: *www.northernalberta.ymca.ca*

**YWCA ਯੰਗ ਵੁਮੈਨਜ਼ ਕਰਿਸਚਨ ਐਸੋਸੀਏਸ਼ਨ (Young Women's Christian Association)**

ਲੜਕੀਆਂ ਅੰਦਰ ਸ੍ਵੈ-ਵਿਸ਼ਵਾਸ ਅਤੇ ਆਪਣੇ ਹੱਕਾਂ ਲਈ ਖੜੇ ਹੋਣ ਦੀ ਸ਼ਕਤੀ ਪੈਦਾ ਕਰਨਾ (Girl empowerment), ਤਸ਼ੱਦਦ ਦੀ ਰੋਕ-ਥਾਮ, ਤੰਦਰੁਸਤ ਭਾਈਚਾਰੇ, ਇਸਤ੍ਰੀਆਂ ਲਈ ਆਗੂ ਬਣਨ ਸਬੰਧੀ ਪ੍ਰੋਗਰਾਮ। ਇਹ ਸੰਸਥਾ ਸਭ ਧਰਮਾਂ ਦੇ ਲੋਕਾਂ ਦੀ ਸੇਵਾ ਕਰਦੀ ਹੈ।

ਫ਼ੋਨ: 780-428-9469

ਵੈਬਸਾਈਟ: *www.ywcaofedmonton.org*

**ਯੂਥ ਇਮਰਜੈਂਸੀ ਸ਼ੈਲਟਰ ਸੋਸਾਇਟੀ (Youth Emergency Shelter Society (YESS)**

ਇਹ ਸੰਸਥਾ ਉਨ੍ਹਾਂ ਨੌਜਵਾਨਾਂ ਨੂੰ ਰਹਿਣ ਲਈ ਥਾਂ ਦੇਂਦੀ ਹੈ ਜਿਨ੍ਹਾਂ ਨੂੰ ਕਿਸੇ ਸੁਰੱਖਿਅਤ ਜਗ੍ਹਾ ਦੀ ਜ਼ਰੂਰਤ ਹੈ। ਇੱਥੇ ਉਨ੍ਹਾਂ ਨੂੰ ਨਸ਼ਿਆਂ ਦੀ ਆਦਤ ਨੂੰ ਛੱਡਣ ਵਾਸਤੇ ਸਲਾਹ-ਮਸ਼ਵਰਾ, ਕਾਨੂੰਨੀ ਵਕਾਲਤ, ਜਾਂ ਮਨੁੱਖੀ ਸੇਵਾਵਾਂ ਅਤੇ ਹੋਰ ਪੇਚੀਦਾ ਮਸਲਿਆਂ ਲਈ ਸਹਾਇਤਾ ਵੀ ਪ੍ਰਦਾਨ ਕੀਤੀ ਜਾਂਦੀ ਹੈ.

ਫ਼ੋਨ: 780-468-7070

ਵੈਬਸਾਈਟ: *www.yess.org*



## ਘਰ

**ਘਰ ਲਈ ਸਰਕਾਰੀ ਸਹਾਇਤਾ ਦੇ ਪ੍ਰੋਗਰਾਮ (Housing Grant Programs)**
ਫ਼ੋਨ: 311

**ਅਲਬਰਟਾ ਸੀਨੀਅਰ ਸਿਟੀਜ਼ਨਜ਼ ਹਊਸਿੰਗ ਐਸੋਸੀਏਸ਼ਨ (Alberta Senior Citizens Housing Association)**
ਵੈਬਸਾਈਟ: *www.ascha.com*

**ਓਪਰੇਸ਼ਨ ਫ਼ਰੈਂਡਸ਼ਿਪ ਸੀਨੀਅਰਜ਼ ਸੋਸਾਇਟੀ (ਇਨੱਰ ਸਿਟੀ) (Operation Friendship Seniors Society (inner city)**
ਫ਼ੋਨ: 780-408-2955
ਵੈਬਸਾਈਟ: *www.ofss.org*

**ਸੇਜ ਸੀਨੀਅਰਜ਼ ਐਸੋਸੀਏਸ਼ਨ (SAGE Seniors Association)**

**ਘਰ ਸਬੰਧੀ ਜਾਣਕਾਰੀ ਲਈ ਸੇਵਾ (Housing Information Services)**
ਫ਼ੋਨ: 780-701-9018
ਵੈਬਸਾਈਟ: *www.mysage.ca > Need Help? Housing Information*

## ਸਹਾਇਕ ਸੇਵਾਵਾਂ

**ਬਜ਼ੁਰਗ ਦੁਰਵਿਵਹਾਰ ਤੇ ਰੋਕ-ਥਾਮ (Stop Elder Abuse)**
ਫ਼ੋਨ: 780 477 2929
ਵੈਬਸਾਈਟ: *www.catholicsocialservices.ab.ca > Find Services by Location > Edmonton > Elder Abuse Resource and Supports (EARS) Program*

ਵੈਬਸਾਈਟ: *www.edmonton.ca > Programs & Services > for Seniors > Support Services > Stop Elder Abuse*

**ਬਹਾਰ ਦੇ ਮੌਸਮ ਸਮੇਂ ਸਫ਼ਾਈ ਅਤੇ ਸਰਦੀ ਵਿੱਚ ਬਰਫ਼ ਸਾਫ਼ ਕਰਨ ਲਈ ਬਜ਼ੁਰਗਾਂ ਦੀ ਸਹਾਇਤਾ**
ਫ਼ੋਨ: 311
ਵੈਬਸਾਈਟ: *www.edmonton.ca > Programs & Services > for Seniors > Help Around the Home*

**ਬਾਲਗ ਬੱਚਿਆਂ ਨਾਲ ਤੁਹਾਡਾ ਰਿਸ਼ਤਾ - ਪ੍ਰੋਗਰਾਮ ਜਿੱਥੇ ਤੁਹਾਨੂੰ ਆਪਣੀ ਮਰਜ਼ੀ ਨਾਲ ਹਾਜ਼ਰੀ ਭਰਨ ਦੀ ਖੁਲ੍ਹ ਹੈ। (Drop-in)**
ਫ਼ੋਨ: 780-944-5447

**ਸੈਂਟਰਲ ਲਾਇਨਜ਼ ਸੀਨੀਅਰ ਸਿਟੀਜ਼ਨਜ਼ ਰੈਕਰੀਏਸ਼ਨ ਸੈਂਟਰ (Central Lions Senior Citizens Recreation Centre)**
ਫ਼ੋਨ: 780-496-7369
ਵੈਬਸਾਈਟ: *www.edmonton.ca > Programs & Services > For Seniors > Senior's Centres*

**ਨੌਰਥਗੇਟ ਲਾਇਨਜ਼ ਸੀਨੀਅਰਜ਼ ਰੈਕਰੀਏਸ਼ਨ ਸੈਂਟਰ (Northgate Lions Seniors Recreation Centre)**
ਫ਼ੋਨ: 780-496-6969
ਵੈਬਸਾਈਟ: *www.edmonton.ca > Programs & Services > For Seniors > Senior's Centres*

**ਸੇਜ ਸੀਨੀਅਰਜ਼ ਐਸੋਸੀਏਸ਼ਨ (SAGE Seniors Association)**

ਬਜ਼ੁਰਗ-ਸੇਵਾ ਨਿਯਮਾਵਲੀ (Directory of Senior Services) ਦੀ ਸੇਵਾ ਨਿਭਾਓਂਦੇ ਹਨ।
ਫ਼ੋਨ: 780-423-5510
ਵੈਬਸਾਈਟ: *www.mysage.ca*

**ਐਡਮੰਟਨ ਸੀਨੀਅਰਜ਼ ਕੋਔਰਡੀਨੇਟਿੰਗ ਕੰਉਸਲ (Edmonton Seniors Coordinating Council (ESCC)**
ਫ਼ੋਨ: 780-423-5635
ਵੈਬਸਾਈਟ: *www.seniorscouncil.net*

## ਬਜ਼ੁਰਗ ਕੇਂਦਰ/ਗਰੁਪ (Seniors Centres / Groups)

ਜੋ ਬਜ਼ੁਰਗ 55 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹਨ, ਉਹ ਆਪਣੇ ਇਲਾਕੇ ਵਿੱਚ ਮਿਲਦੀਆਂ ਇਨ੍ਹਾਂ ਸਹੂਲਤਾਂ ਲਈ ਹੇਠ ਲਿਖੀਆਂ ਸੰਸਥਾਵਾਂ ਨਾਲ ਸੰਪਰਕ ਕਰਨ, ਜਿਵੇਂ:

- ਘਰ ਵਿੱਚ ਸਹਾਇਤਾ, ਘਰ ਦੀ ਮੁਰੰਮਤ, ਵਿਹੜੇ ਦੀ ਸਫ਼ਾਈ (yard work) ਲਈ ਸਹਾਇਤਾ
- ਸਿਹਤ, ਤੰਦਰੁਸਤੀ ਤੇ ਮਨੋਰੰਜਕ ਪ੍ਰੋਗਰਾਮ
- ਹੱਦੋਂ ਪਾਰ ਸੇਵਾਵਾਂ (outreach services); ਵਿਅਕਤੀਗਤ ਰੂਪ ਵਿੱਚ ਸਹਾਇਤਾ (one-on-one support)
- ਮਿਲਵਰਤਣ ਲਈ ਪ੍ਰੋਗਰਾਮ ਤੇ ਸਭਾਵਾਂ (social activities and clubs)

ਵੈਬਸਾਈਟ: *www.edmonton.ca > Programs & Services > For Seniors > Senior's Centres*

### ਦੱਖਣੀ ਐਡਮੰਟਨ

**ਮਿਲਵੁਡਜ਼ ਸੀਨੀਅਰਜ਼ ਐਸੋਸੀਏਸ਼ਨ (Mill Woods Seniors Association)**
ਫ਼ੋਨ: 780-496-2997

**ਮਲਟੀਕਲਚਰਲ ਵੁਮੈਨ ਐਂਡ ਸੀਨੀਅਰਜ਼ ਸਰਵਿਸਿਜ਼ ਐਸੋਸੀਏਸ਼ਨ (Multicultural Women and Seniors Services Association)**
ਫ਼ੋਨ: 780-465-2992

**ਸੀਨੀਅਰ ਸਿਟੀਜ਼ਨਜ਼ ਓਪਰਚਿਊਨੀਟੀ ਨੇਬਰਹੁਡ ਐਸੋਸੀਏਸ਼ਨ (Senior Citizens Opportunity Neighbourhood Association (SCONA) )**
ਫ਼ੋਨ: 780-433-5377

**ਸਊਥ ਈਸਟ ਐਡਮੰਟਨ ਸੀਨੀਅਰਜ਼ ਐਸੋਸੀਏਸ਼ਨ (South East Edmonton Seniors Association)**
ਫ਼ੋਨ: 780-468-1985

**ਸਊਥ ਵੈਸਟ ਐਡਮੰਟਨ ਸੀਨੀਅਰਜ਼ ਐਸੋਸੀਏਸ਼ਨ (South West Edmonton Seniors Association)**
ਫ਼ੋਨ: 780-987-3200

**ਸਟਰੈਥਕੋਨਾ ਪਲੇਸ 55+ ਸੈਂਟਰ (Strathcona Place 55+ Centre)**
ਫ਼ੋਨ: 780-433-5807

### ਪੱਛਮੀ ਐਡਮੰਟਨ

**ਵੈਸਟਐਂਡ ਸੀਨੀਅਰਜ਼ ਐਕਟੀਵਿਟੀ ਸੈਂਟਰ**
(Westend Seniors Activity Centre)
ਫ਼ੋਨ: 780-483-1209

### ਕੇਂਦਰੀ ਐਡਮੰਟਨ

**ਐਡਮੰਟਨ ਐਬਓਰਿਜਨਲ ਸੀਨੀਅਰਜ਼ ਸੈਂਟਰ (Edmonton Aboriginal Seniors Centre**
ਫ਼ੋਨ: 780-476-6595

**ਐਡਮੰਟਨ ਸੀਨੀਅਰਜ਼ ਸੈਂਟਰ (Edmonton Seniors Centre)**
ਫ਼ੋਨ: 780-342-8625

**ਜਿਊਇਸ਼ ਸੀਨੀਅਰਜ਼ ਸਿਟੀਜ਼ਨਜ਼ ਸੈਂਟਰ (Jewish Seniors Citizen's Centre)**
ਫ਼ੋਨ: 780-488-4241

**ਓਪਰੇਸ਼ਨ ਫ਼ਰੈਂਡਸ਼ਿਪ ਸੀਨੀਅਰਜ਼ ਸੋਸਾਇਟੀ (Operation Friendship Seniors Society)**
ਫ਼ੋਨ: 780-429-2626

**ਸੇਜ ਸੀਨੀਅਰਜ਼ ਐਸੋਸੀਏਸ਼ਨ (SAGE Seniors Association)**
ਫ਼ੋਨ: 780-423-5510

### ਉੱਤਰੀ ਐਡਮੰਟਨ

**ਨੌਰਥ ਵੈਸਟ ਐਡਮੰਟਨ ਸੀਨੀਅਰਜ਼ ਸੋਸਾਇਟੀ (North West Edmonton Seniors Society)**
ਫ਼ੋਨ: 780-451-1925

**ਸੈਂਟਰਲ ਲਾਇਨਜ਼ ਸੀਨੀਅਰਜ਼ ਐਸੋਸੀਏਸ਼ਨ (Central Lions Seniors Association**
ਫ਼ੋਨ: 780-496-7369

**ਨੌਰਥ ਐਡਮੰਟਨ ਸੀਨੀਅਰਜ਼ ਐਸੋਸੀਏਸ਼ਨ (North Edmonton Seniors Association)**
ਫ਼ੋਨ: 780-496-6969



## ਬਜ਼ੁਰਗਾਂ ਲਈ ਆਵਾਜਾਈ ਦੇ ਸਾਧਨ

**ਐਡਮੰਟਨ ਟਰਾਂਜ਼ਿਟ ਸਿਸਟਮ (Edmonton Transit System (ETS)**
**ਫ਼ੋਨ: 311**
**ਵੈਬਸਾਈਟ:** *www.edmonton.ca > Programs & Services > For Seniors > ETS (Edmonton Transit System)*

**ਡਿਸਏਬਲਡ ਐਡਲਟ ਟਰਾਂਜ਼ਿਟ ਸਰਵਿਸ (Disabled Adult Transit Service (DATS)**
**ਫ਼ੋਨ: 780-496-4567**
**ਵੈਬਸਾਈਟ:** *www.edmonton.ca > Programs & Services > For Seniors > ETS (Edmonton Transit System) > DATS Program and Services*

**ਬਜ਼ੁਰਗਾਂ ਲਈ ਸਾਲਾਨਾ ਬਸ/ਨਗਰ ਗੱਡੀ ਵਿੱਚ ਸਫ਼ਰ ਕਰਨ ਲਈ ਪਾਸ (Senior Citizens Annual Passes)**
**ਫ਼ੋਨ: 780-496-1665**
**ਵੈਬਸਾਈਟ:** *www.edmonton.ca > Programs & Services > For Seniors > ETS (Edmonton Transit System) > Senior's Fares and Annual Transit Pass*

**ਸਰਵਿਸ ਅਲਬਰਟਾ - ਗਾਹਕਾਂ ਲਈ ਜਾਣਕਾਰੀ (Service Alberta - Consumer Information)**
**ਫ਼ੋਨ: 780-427-7013**
**ਵੈਬਸਾਈਟ:** *www.servicealberta.gov.ab.ca > Consumer Information*

**ਅਪਾਹਜ ਵਿਅਕਤੀਆਂ ਲਈ ਪਾਰਕਿੰਗ ਪੋਸਟਰਜ਼ (Parking Placards for Persons with Disabilities)**
**ਵੈਬਸਾਈਟ:** *www.servicealberta.ca > Drivers/ Vehicles > Parking for Persons with Disabilities*

**ਬਜ਼ੁਰਗਾਂ ਦੀ ਦੇਖ-ਭਾਲ ਲਈ ਬਜ਼ੁਰਗਾਂ ਦੀ ਸੋਸਾਇਟੀ (Society of Seniors Caring About Seniors)**
**ਫ਼ੋਨ: 780-465-0311**
**ਵੈਬਸਾਈਟ:** *www.sscas.com*

**ਲਾਈਫ਼ਸਟਾਈਲ ਹੈਲਪਿੰਗ ਹੈਂਡਜ਼ ਸੀਨੀਅਰਜ਼ ਐਸੋਸੀਏਸ਼ਨ (Lifestyle Helping Hands Seniors Association)**
**ਫ਼ੋਨ: 780-450-2113**
**ਵੈਬਸਾਈਟ:** *www.lhhsa.org*

**ਓਪਰੇਸ਼ਨ ਫ਼ਰੈਂਡਸ਼ਿਪ ਸੀਨੀਅਰਜ਼ ਸੋਸਾਇਟੀ (ਇਨੱਰ ਸਿਟੀ) (Operation Friendship Seniors Society (inner city)**
**ਫ਼ੋਨ: 780-429-2626**
**ਵੈਬਸਾਈਟ:** *www.ofss.org*



# ਐਡਮੰਟਨ ਵਿੱਚ ਸੁਰੱਖਿਅਤ ਰਹਿਣਾ

# 10



## ਸੰਕਟ ਕਾਲ

ਸੰਕਟ ਕਾਲ ਦੀ ਹਰ ਘਟਨਾ ਸਮੇਂ 911 ਨੰਬਰ ਤੇ ਫ਼ੋਨ ਕਰੋ – ਇਹ ਉਹ ਸਮਾਂ ਹੈ ਜਦੋਂ ਤੁਹਾਨੂੰ ਉਸੇ ਵੇਲੇ ਪੁਲੀਸ, ਅੱਗ ਬੁਝਾਓਣ ਵਾਲੇ ਟੱਰਕ ਜਾਂ ਐਂਬੂਲੈਂਸ ਦੀ ਜ਼ਰੂਰਤ ਹੈ। ਕਦੀ ਵੀ, ਗੈਰ-ਸੰਕਟ ਕਾਲੀਨ ਸਥਿੱਤੀਆਂ ਜਾਂ ਕੋਈ ਸਵਾਲ ਪੁੱਛਣ ਲਈ 911 ਨੰਬਰ ਤੇ ਫ਼ੋਨ ਨਾ ਕਰੋ।

## ਅੱਗ-ਬਚਾਓ ਸੇਵਾ (FIRE RESCUE SERVICE (FRS)

ਐਡਮੰਟਨ ਅੱਗ-ਬਚਾਓ ਸੇਵਾ (FRS) ਦੀ ਇਹ ਜ਼ੁੰਮੇਵਾਰੀ ਹੈ ਕਿ ਉਹ ਅੱਗ ਲੱਗਣ, ਮੋਟਰ-ਗੱਡੀਆਂ ਦੀ ਦੁਰਘਟਨਾ ਅਤੇ ਡਾਕਟਰੀ ਸਹਾਇਤਾ ਦੀ ਤੁਰੰਤ ਜ਼ਰੂਰਤ ਸਮੇਂ ਪਹੁੰਚਣ। ਇਹ ਆਮ ਜਨਤਾ ਨੂੰ ਅੱਗ ਤੋਂ ਆਪਣਾ ਬਚਾਓ ਕਰਨ ਲਈ ਸਿਖਿਆ ਵੀ ਦੇਂਦੇ ਹਨ।

ਕੇਵਲ ਸੰਕਟ ਸਮੇਂ ਫ਼ੋਨ ਕਰੋ: 911

ਗ਼ੈਰ-ਸੰਕਟ ਸਮੇਂ ਫ਼ੋਨ ਕਰੋ: 311

## ਐਡਮੰਟਨ ਪੁਲੀਸ ਸਰਵਿਸ (EDMONTON POLICE SERVICE (EPS)

ਐਡਮੰਟਨ ਸ਼ਹਿਰ ਵਿੱਚ ਕਾਨੂੰਨ ਲਾਗੂ ਕਰਨ ਦੀ ਜ਼ੁੰਮੇਵਾਰੀ ਐਡਮੰਟਨ ਪੁਲੀਸ ਦੀ ਹੈ।

ਕੇਵਲ ਸੰਕਟ ਸਮੇਂ ਫ਼ੋਨ ਕਰੋ: 911

ਗ਼ੈਰ-ਸੰਕਟ ਸਮੇਂ ਫ਼ੋਨ ਕਰੋ: 780-423-4567 ਜਾਂ 311

ਵੈਬਸਾਈਟ: *edmontonpolice.ca*

EPS ਦੇ ਹੋਰ ਵੀ ਬਹੁਤ ਪ੍ਰੋਗਰਾਮ ਤੇ ਸੇਵਾਵਾਂ ਹਨ ਜੋ ਭਾਈਚਾਰਕ ਪੁਲੀਸ ਦੀ ਸਹਾਇਤਾ ਨਾਲ ਸਾਡੇ ਸ਼ਹਿਰ ਨੂੰ ਸੁਰੱਖਿਅਤ ਰੱਖਦੇ ਹਨ। ਐਡਮੰਟਨ ਵਿੱਚ ਪੁਲੀਸ ਦੀ ਜ਼ੁੰਮੇਵਾਰੀ ਬਾਰੇ ਹੋਰ ਜਾਣਕਾਰੀ ਲਈ ਇਸ ਛੋਟੀ ਕਿਤਾਬ *Handbook for Strengthening Harmony Between Immigrant Communities and the Edmonton Police Service* ਨੂੰ ਦੇਖੋ ਜੋ 16 ਬੋਲੀਆਂ ਵਿੱਚ ਮਿਲ ਸਕਦੀ ਹੈ।

ਵੈਬਸਾਈਟ: *www.edmontonpolice.ca > About EPS > Community Initiatives > Equity, Diversity and Human Rights > Strengthening Harmony Handbook*












## EPS ਵਲੋਂ ਮਜ਼ਲੂਮਾਂ ਲਈ ਸੇਵਾਵਾਂ (VICTIM SERVICES)

ਜਦੋਂ ਤੁਸੀਂ ਕਿਸੇ ਜੁਰਮ ਦਾ ਸ਼ਿਕਾਰ ਹੋ ਜਾਂਦੇ ਹੋ ਤਾਂ ਤੁਹਾਨੂੰ ਹੋ ਸਕਦਾ ਹੈ ਮਾਨਸਿਕ ਤੌਰ ਤੇ ਬਹੁਤ ਤਕਲੀਫ਼ ਮਹਿਸੂਸ ਹੋਵੇ ਅਤੇ ਤੁਹਾਨੂੰ ਕਿਸੇ ਸਹਾਰੇ ਦੀ ਜ਼ਰੂਰਤ ਹੋਵੇ। EPS ਦਾ ਇਹ ਪ੍ਰੋਗਰਾਮ "ਮਜ਼ਲੂਮ ਸੇਵਾਵਾਂ" ("Victim services") ਜੁਰਮ ਦੇ ਸ਼ਿਕਾਰ ਅਜਿਹੇ ਵਿਅਕਤੀਆਂ ਦੀ ਸਹਾਇਤਾ ਲਈ ਹੈ।

ਫ਼ੋਨ: 780-421-2218

ਵੈਬਸਾਈਟ: *edmontonpolice.ca >Victim Services*

## ਆਵਾਜਾਈ ਨਿਗਰਾਨੀ (TRANSIT WATCH)

ਆਵਾਜਾਈ ਨਿਗਰਾਨੀ (Transit Watch) ਜਨਤਾ ਦੀ ਜਾਣਕਾਰੀ ਲਈ ਉਹ ਪ੍ਰੋਗਰਾਮ ਹੈ ਜੋ ਐਡਮੰਟਨ ਸ਼ਹਿਰ ਦੀਆਂ ਸਾਰੀਆਂ ਬਸਾਂ, ਨਗਰ-ਗੱਡੀਆਂ ਜਾਂ ਆਵਾਜਾਈ ਨਾਲ ਸਬੰਧਤ ਸਥਾਨਾਂ ਤੇ ਸੁੱਰਿਖਿਅਤ ਵਾਤਾਵਰਣ ਕਾਇਮ ਰੱਖਦਾ ਹੈ। ਕਿਸੇ ਵੀ ਸੰਦੇਹ ਜਨਕ ਘੱਟਨਾ ਦੀ ਸੂਚਨਾ ਦੇਣ ਲਈ ਤੁਸੀਂ ਆਵਾਜਾਈ ਨਿਗਰਾਨੀ (Transit Watch) ਨਾਲ ਸੰਪਰਕ ਕਰ ਸਕਦੇ ਹੋ।

ਫ਼ੋਨ: 780-442-4900

ਵੈਬਸਾਈਟ: *www.edmonton.ca > Transportation > ETS (Edmonton Transit System) > Safety & Security > Transit-Watch*

## ਬਾਈਲਾਅਜ਼ (BYLAWS)

ਬਾਈਲਾਅ (bylaw) ਭਾਵ ਉਪ-ਨਿਯਮ, ਸ਼ਹਿਰ ਦੇ ਉਹ ਨਿਯਮ ਹਨ ਜੋ ਸਾਡੇ ਭਾਈਚਾਰਿਆਂ ਨੂੰ ਸੁਰੱਖਿਅਤ, ਨਿਯਮ ਅਨੁਸਾਰ ਤੇ ਸਾਫ਼-ਸੁਥਰਾ ਰੱਖਦੇ ਹਨ ਜਿਵੇਂ ਸਿਗਰਟ ਪੀਣਾ, ਬਰਫ਼ ਦੀ ਸਫ਼ਾਈ, ਕਾਰਾਂ ਪਾਰਕ ਕਰਨਾ, ਪਾਲਤੂ ਜਾਨਵਰਾਂ ਦੇ ਲਾਈਸੈਂਸ, ਘਰਾਂ ਦੇ ਗੰਦੇ ਵਿਹੜੇ, ਲਾਈਸੈਂਸ ਬਨਵਾਉਣੇ, ਬੇਧਿਆਨੇ ਫ਼ਿਰਨਾ, ਮੰਡਲਾਂ ਵਿੱਚ ਵੰਡਣਾ - ਜ਼ੋਨਿੰਗ (zoning) ਅਤੇ ਜਨਤਕ ਆਵਾਜਾਈ ਲਈ ਖਰਚ ਕਰਨਾ, ਇਹ ਤਾਂ ਕੇਵਲ ਕੁਝ ਕੁ ਸੇਵਾਵਾਂ ਦਾ ਹੀ ਵਰਨਣ ਹੈ ਜੋ ਸ਼ਹਿਰ ਦੇ ਬਾਈਲਾਅਜ਼ ਦੇ ਅਧੀਨ ਹਨ। ਜੇ ਤੁਸੀਂ ਕੋਈ ਵੀ ਬਾਈਲਾਅ ਤੋੜਦੇ ਹੋ ਤਾਂ ਤੁਹਾਨੂੰ ਸ਼ਹਿਰ ਦੇ ਅਧਿਕਾਰੀਆਂ ਨੂੰ ਜੁਰਮਾਨਾ ਦੇਣਾ ਪਵੇਗਾ।

ਐਡਮੰਟਨ ਸ਼ਹਿਰ ਦੇ ਬਾਈਲਾਅਜ਼ ਬਾਰੇ ਹੋਰ ਜਾਣਕਾਰੀ ਲਈ ਤੁਸੀਂ ਇਸ ਵੈਬਸਾਈਟ ਤੇ ਜਾ ਸਕਦੇ ਹੋ:

ਵੈਬਸਾਈਟ: *www.edmonton.ca > Bylaws & Licenses*

## ਪਰਵਾਰਿਕ ਤਸ਼ਦੱਦ

ਪਰਵਾਰਿਕ ਤਸ਼ਦੱਦ ਅਤੇ ਦੁਰਵਿਹਾਰ ਲਈ ਐਡਮੰਟਨ ਵਿੱਚ ਇਹ ਫ਼ੋਨ ਨੰਬਰ 211 ਮਿਲਾਓ ਜੋ ਤੁਹਾਨੂੰ ਇਨ੍ਹਾਂ ਹਾਲਾਤ ਦਾ ਸਾਹਮਣਾ ਕਰਨ ਲਈ ਸਹਾਇਕ ਸਾਧਨਾਂ ਦੀ ਸੂਚੀ ਬਾਰੇ ਜਾਣਕਾਰੀ ਦੇਵੇਗਾ.

ਫ਼ੋਨ: 211

ਵੈਬਸਾਈਟ: *www.211edmonton.com and search for Family Violence*

## ਪਰਵਾਰਿਕ ਤਸ਼ਦੱਦ ਤੇ ਦੁਰਵਿਹਾਰ ਦੇ ਸ਼ਿਕਾਰ ਵਿਅਕਤੀਆਂ ਲਈ ਸੰਕਟ ਸਮੇਂ ਰਿਹਾਇਸ਼

ਪਰਵਾਰਿਕ ਤਸ਼ਦੱਦ ਤੇ ਦੁਰਵਿਹਾਰ ਦੀ ਲਪੇਟ ਵਿੱਚ ਆਏ ਵਿਅਕਤੀਆਂ ਲਈ ਇਹ ਸੰਕਟ ਸਮੇਂ ਦੀ ਰਿਹਾਇਸ਼ ਮੁਫ਼ਤ ਹੈ, ਸੁਰੱਖਿਅਤ ਹੈ ਅਤੇ ਸਹਾਇਕ ਹੈ।

## ਇਸਤ੍ਰੀਆਂ ਲਈ ਰਿਹਾਇਸ਼ (ਅਤੇ ਉਨ੍ਹਾਂ ਤੇ ਨਿਰਭਰ ਬੱਚੇ)

### ਅਲਬਰਟਾ ਕੌਂਸਲ ਆਫ਼ ਵੁਮੈਨਜ਼ ਸ਼ੈਲਟਰਜ਼ (Alberta Council of Women's Shelters)

ਫ਼ੋਨ: 1-866-331-3933

ਵੈਬਸਾਈਟ: *acws.ca*

### ਲੁਰਾਨਾ ਸ਼ੈਲਟਰ ਸੋਸਾਇਟੀ (Lurana Shelter Society)

ਫ਼ੋਨ: 780-424-5875

ਵੈਬਸਾਈਟ: *www.canacal.com/lurana*

### ਵਿਨ ਹਊਸ (WIN House)

ਵਿਨ ਹਊਸ (WIN house) ਵਿੱਚ ਉਨ੍ਹਾਂ ਸਭ ਇਸਤ੍ਰੀਆਂ ਨੂੰ ਰਿਹਾਇਸ਼ ਮਿਲ ਜਾਂਦੀ ਹੈ ਜੋ ਆਵਾਸੀ, ਸ਼ਰਨਾਰਥੀ, ਅਤੇ/ਜਾਂ ਇਨਸਾਨੀ ਸੌਦੇ-ਬਾਜ਼ੀ (human trafficking) ਦਾ ਸ਼ਿਕਾਰ ਹਨ।

ਫ਼ੋਨ: 780-479-0058

ਵੈਬਸਾਈਟ: *www.winhouse.org*

### ਵਿੰਗਜ਼ ਆਫ਼ ਪਰੋਵੀਡੈਂਸ (WINGS of Providence)

ਫ਼ੋਨ: 780-426-4985

ਵੈਬਸਾਈਟ: *www.wingsofprovidence.ca*

## ਬਜ਼ੁਰਗਾਂ ਲਈ ਰਿਹਾਇਸ਼

### ਸੀਨੀਅਰਜ਼ ਸੇਫ਼ ਹਊਸ (Seniors' Safe House (ਮਰਦ/ਇਸਤ੍ਰੀਆਂ, ਉਮਰ 60+)

ਫ਼ੋਨ: 780-702-1520

ਵੈਬਸਾਈਟ: *www.mysage.ca > Need Help? > Elder Abuse > Seniors' Safe House*

## ਸੰਕਟ ਸਮੇਂ ਲਈ ਹੋਰ ਸਹਾਇਕ ਸੰਸਥਾਵਾਂ

### ACT ਅਲਬਰਟਾ (ACT Alberta (Alberta Coalition on Human Trafficking)

ACT ਅਲਬਰਟਾ ਇਨਸਾਨੀ ਸੌਦੇ-ਬਾਜ਼ੀ ਦੇ ਸ਼ਿਕਾਰ ਵਿਅਕਤੀਆਂ ਨੂੰ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਵਿੱਚ ਤਾਲ-ਮੇਲ ਪੈਦਾ ਕਰਦੀ ਹੈ। ਇਹ ਸੇਵਾਵਾਂ ਹਨ: ਮਜ਼ਲੂਮ ਵਿਅਕਤੀਆਂ ਨੂੰ ਮਿਲਣ ਵਾਲੀ ਰਕਮ ਦਾ ਹਿਸਾਬ-ਕਿਤਾਬ ਰੱਖਣਾ, ਇਸ ਵਿਸ਼ੇ ਬਾਰੇ ਖੋਜ ਕਰਨਾ, ਸਿਖਲਾਈ ਦੇਣਾ, ਸਿਖਿਆ ਦੇਣਾ ਅਤੇ ਹੋਰ ਬਹੁਤ ਕੁਝ।

ਫ਼ੋਨ: 780-474-1104

ਵੈਬਸਾਈਟ: *actalberta.org*

### ਬਾਲ ਦੁਰਵਿਹਾਰ ਹੌਟਲਾਈਨ (Child Abuse Hotline)

ਬੱਚੇ ਨਾਲ ਹੋ ਰਹੇ ਦੁਰਵਿਹਾਰ ਬਾਰੇ ਫ਼ੋਨ ਕਰਕੇ ਖ਼ਬਰ ਕਰੋ। ਕਾਨੂੰਨ ਮੰਗ ਕਰਦਾ ਹੈ ਕਿ ਜੇ ਕਿਸੇ ਨੂੰ ਸ਼ੱਕ ਹੈ ਕਿ ਬੱਚੇ ਨਾਲ ਦੁਰਵਿਹਾਰ ਹੋ ਰਿਹਾ ਹੈ ਤਾਂ ਇਹ ਬਹੁਤ ਜ਼ਰੂਰੀ ਹੈ ਕਿ ਉਹ ਉਸਦੀ ਇਤਲਾਹ ਕਰਨ।

ਫ਼ੋਨ: 1-800-387-5437

ਵੈਬਸਾਈਟ: *edmontonandareacfsa.gov.ab.ca*

### ਜੁਰਮ ਰੋਕਣ ਵਾਲੇ (Crime Stoppers)

ਇਹ ਇਕ ਬਿਨਾ ਮੁਨਾਫ਼ੇ ਤੋਂ ਕੰਮ ਕਰਨ ਵਾਲੀ ਸੰਸਥਾ ਹੈ ਜੋ ਪੁਲੀਸ ਨਾਲ ਕੰਮ ਕਰਦੇ ਹੋਏ ਭਾਈਚਾਰੇ ਤੋਂ ਮਿਲਦੇ ਬੇ-ਨਾਮ ਸੰਕੇਤਾਂ ਨਾਲ ਜੁਰਮਾਂ ਦਾ ਹੱਲ ਲਭਦੀ ਹੈ।

ਫ਼ੋਨ: 1-800-222-TIPS (8477)

ਵੈਬਸਾਈਟ: ***www.edmontonpolice.ca > Crime Files > CrimeStoppers***

### ਸੈਕਸ਼ੁਅਲ ਅਸਾਲਟ ਸੈਂਟਰ ਆਫ਼ ਐਡਮੰਟਨ (Sexual Assault Centre of Edmonton)

ਖ਼ਬਰ ਕਰਨ ਲਈ ਫ਼ੋਨ ਕਰੋ। ਬਲਾਤਕਾਰ ਹੋ ਜਾਣ ਤੇ ਸਹਾਇਤਾ ਦੀ ਮੰਗ ਕਰੋ।

ਦਫ਼ਤਰ ਦਾ ਫ਼ੋਨ: 780-423-4102

24 ਘੰਟੇ ਲਈ ਸੈਕਸ਼ੁਅਲ ਅਸਾਲਟ ਦੀ ਸੰਕਟ ਕਾਲ ਸਮੇਂ ਫ਼ੋਨ ਲਾਈਨ: 780-423-4121

T.T.Y (ਬੋਲਿਆਂ ਲਈ ਟੈਲੀਫ਼ੋਨ ਦੀ ਇਕ ਵਿਉਂਤ) 780-421-1482

ਵੈਬਸਾਈਟ: *www.sace.ab.ca*

### ਪੋਆਇਜ਼ਨ ਕੰਟਰੋਲ ਸੈਂਟਰ (Poison Control Centre)

ਜ਼ਹਿਰ ਸੰਬਧੀ ਜਾਣਕਾਰੀ ਲਈ ਅਤੇ/ਜਾਂ ਜੇ ਤੁਹਾਨੂੰ ਜਾਂ ਕਿਸੇ ਹੋਰ ਨੂੰ ਜ਼ਹਿਰ ਦਿੱਤਾ ਗਿਆ ਹੈ ਤਾਂ ਫ਼ੋਨ ਕਰੋ।

ਫ਼ੋਨ: 1-800-332-1414

ਵੈਬਸਾਈਟ: *www.albertahealthservices.ca > Health Information > PADIS > Poison*

### ਰੀਚ ਐਡਮੰਟਨ (REACH Edmonton)

ਰੀਚ ਐਡਮੰਟਨ ਅਜਿਹੀ ਸੰਸਥਾ ਹੈ ਜੋ ਭਾਈਚਾਰੇ ਨਾਲ ਮਿਲਕੇ ਕੰਮ ਕਰਦਿਆਂ ਇਕ ਸੁਰੱਖਿਅਤ ਤੇ ਆਪਸੀ ਮੇਲ-ਮਿਲਾਪ ਵਾਲਾ ਭਾਈਚਾਰਾ ਬਨਣ ਲਈ ਸਹਾਇਤਾ ਕਰਦੇ ਹੋਏ ਉਨ੍ਹਾਂ ਨੂੰ ਤਰਕੀਬਾਂ, ਸਾਧਨ ਅਤੇ ਵਸੀਲਿਆਂ ਨਾਲ ਜੋੜਦੀ ਹੈ।

ਫ਼ੋਨ: 780-498-1231

ਵੈਬਸਾਈਟ: *www.reachedmonton.ca*



# ਕਾਨੂੰਨ ਅਤੇ ਮਨੁੱਖੀ ਹੱਕ

## ਕੈਨੇਡਾ ਦੀ ਕਾਨੂੰਨ ਪ੍ਰਣਾਲੀ (CANADIAN LEGAL SYSTEM)

ਕੈਨੇਡਾ ਵਿੱਚ ਰਹਿਣ ਵਾਲੇ ਲੋਕਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਕੈਨੇਡਾ ਦੇ ਕਾਨੂੰਨ ਨੂੰ ਸਮਝਣ ਤੇ ਉਸਨੂੰ ਮੰਨਣ। ਕੈਨੇਡਾ ਵਿੱਚ ਤਿੰਨ ਪ੍ਰਕਾਰ ਦ ਕਾਨੂੰਨ ਹਨ: ਜੁਰਮ ਸਬੰਧੀ ਕਾਨੂੰਨ (criminal laws), ਨਾਗਰਿਕ ਕਾਨੂੰਨ (civil law) ਅਤੇ ਨਗਰਪਾਲਕਾ ਦੇ ਉਪ-ਨਿਯਮ (municipal bylaws).

**ਜੁਰਮ ਸਬੰਧੀ ਕਾਨੂੰਨ (Criminal law)** ਸਮਾਜ ਵਿੱਚ ਸਭ ਦੀ ਰੱਖਿਆ ਕਰਦਾ ਹੈ। ਇਸ ਵਿੱਚ ਬਹੁਤ ਸਾਰੇ ਅਪਰਾਧ ਸ਼ਾਮਲ ਹਨ ਜਿਵੇਂ ਚੋਰੀ, ਖੂਨ, ਮਾਰ-ਕੁਟਾਈ, ਗ਼ੈਰ-ਕਾਨੂੰਨੀ ਡਰਗਜ਼ ਦਾ ਧੰਦਾ ਕਰਨਾ ਜਾਂ ਰੱਖਣਾ, ਧੋਖੇਬਾਜ਼ੀ ਅਤੇ ਹੋਰ ਜੁਰਮ। ਕੈਨੇਡਾ ਵਿੱਚ ਜਦੋਂ ਤੁਹਾਡੇ ਤੇ ਜੁਰਮ ਦਾ ਇਲਜ਼ਾਮ ਲਗਾਇਆ ਜਾਂਦਾ ਹੈ ਤਾਂ ਤੁਸੀਂ ਉਸ ਵੇਲੇ ਤਕ ਬੇਕਸੂਰ ਹੋ ਜਦ ਤਕ ਕਾਨੂੰਨ ਦੀ ਕਚਿਹਰੀ ਵਿੱਚ ਤੁਸੀ ਕਸੂਰਵਾਰ ਸਾਬਤ ਨਹੀਂ ਹੋ ਜਾਂਦੇ। ਕੈਨੇਡਾ ਦੇ ਕਾਨੂੰਨ ਵਿੱਚ ਇਕ ਨਿਰਪੱਖ ਮੁਕੱਦਮੇ ਦਾ ਹੱਕ ਬਹੁਤ ਮਹੱਤਵ ਰਖਦਾ ਹੈ। ਜੇ ਤੁਸੀਂ ਕਿਸੇ ਜੁਰਮ ਦੇ ਦੋਸ਼ੀ ਹੋ ਤਾਂ ਤੁਹਾਨੂੰ ਜੁਰਮ ਅਪਰਾਧੀ-ਲੇਖ-ਪੱਤਰ (criminal record) ਮਿਲੇਗਾ ਅਤੇ ਤੁਹਾਡੇ ਤੇ ਕੁਝ ਪਾਬੰਧੀਆ ਲਗਾ ਦਿਤੀਆਂ ਜਾਣਗੀਆਂ। ਕਚਿਹਰੀ ਵਿੱਚ ਜੁਰਮ ਦੇ ਮੁਕੱਦਮੇ ਲਈ ਜੁਰਮ ਇਨਸਾਫ਼ ਪ੍ਰਣਾਲੀ ਵਲੋਂ ਕਚਿਹਰੀ ਦੇ ਸਾਰੇ ਖਰਚ ਦੇ ਨਾਲ ਨਾਲ ਦੁਭਾਸ਼ੀਏ ਦਾ ਖਰਚ, ਜੇ ਉਸਦੀ ਤੁਹਾਨੂੰ ਜ਼ਰੂਰਤ ਹੋਵੇ, ਵੀ ਦਿਤੀ ਜਾਏਗੀ।

**ਨਾਗਰਿਕ ਕਾਨੂੰਨ (Civil law)** ਪ੍ਰਾਈਵੇਟ ਵਿਅਕਤੀਆਂ (private individuals), ਸੰਸਥਾਵਾਂ ਜਾਂ ਕਾਰੋਬਾਰਾਂ ਵਿਚਕਾਰ ਜਾਇਦਾਦ ਦੀ ਮਲਕੀਅਤ ਅਤੇ ਇਕਰਾਰਨਾਮਿਆਂ ਸਬੰਧੀ ਝਗੜਿਆਂ ਜਾਂ ਵਾਦ-ਵਿਵਾਦਾਂ ਦੇ ਫ਼ੈਸਲੇ ਕਰਦਾ ਹੈ। ਨਾਗਰਿਕ ਕਚਿਹਰੀ ਵਿੱਚ ਮੁਕੱਦਮੇ ਦਾ ਖਰਚ ਵਿਅਕਤੀ ਆਪ ਕਰਦਾ ਹੈ।

**ਨਗਰਪਾਲਕਾ ਉਪ-ਨਿਯਮ (Municipal bylaws)** ਉਹ ਸਥਾਨਕ ਕਾਨੂੰਨ ਹਨ ਜੋ ਸਾਡੇ ਭਾਈਚਾਰਿਆਂ ਨੂੰ ਸੁਰੱਖਿਅਤ, ਨਿਯਮ ਅਨੁਸਾਰ ਅਤੇ ਸਾਫ਼-ਸੁਥਰਾ ਰੱਖਦੇ ਹਨ। ਸਿਗਰਟ ਪੀਣਾ, ਬਰਫ਼ ਸਾਫ਼ ਕਰਨੀ, ਗੱਡੀਆਂ ਪਾਰਕ ਕਰਨੀਆਂ, ਪਾਲਤੂ ਜਾਨਵਰਾਂ ਦੇ ਲਾਈਸੈਂਸ, ਘਰਾਂ ਦੇ ਗੰਦੇ ਵਿਹੜੇ, ਲਾਈਸੈਂਸ ਬਨਵਾਉਣੇ, ਬੇਧਿਆਨੇ ਰਸਤਾ ਪਾਰ ਕਰਨਾ, ਖੇਤਰੀਕਰਣ (zoning) ਅਤੇ ਜਨਤਕ ਆਵਾਜਾਈ ਲਈ ਖਰਚ ਕਰਨਾ ਆਦਿ ਕੇਵਲ ਕੁਝ ਕੁ ਵੇਰਵੇ ਹਨ ਜੋ ਸ਼ਹਿਰ ਦੇ ਉਪ-ਨਿਯਮਾਂ ਦੇ ਅਧੀਨ ਹਨ। ਜੇ ਤੁਸੀਂ ਕਿਸੇ ਵੀ ਕਾਨੂੰਨ ਦੀ ਉਲੰਘਣਾ ਕਰਦੇ ਹੋ ਤਾਂ ਤੁਹਾਨੂੰ ਐਡਮੰਟਨ ਸ਼ਹਿਰ ਦੇ ਪ੍ਰਬੰਧਕਾਂ ਨੂੰ ਜੁਰਮਾਨਾ ਦੇਣਾ ਪਵੇਗਾ।

## ਵਕੀਲ

**ਲਾਅ ਸੋਸਾਇਟੀ ਆਫ਼ ਅਲਬਰਟਾਜ਼ ਲਾਇਰ ਰਿਫ਼ਰਲ ਸਰਵਿਸ (Law Society of Alberta's Lawyer Referral Service)**

ਜੇ ਤੁਹਾਨੂੰ ਵਕੀਲ ਦੀ ਜ਼ਰੂਰਤ ਹੈ ਤਾਂ ਲਾਅ ਸੋਸਾਇਟੀ ਤੁਹਾਡੀ ਵਕੀਲ ਦੀ ਭਾਲ ਕਰਨ ਵਿੱਚ ਸਹਾਇਤਾ ਕਰ ਸਕਦੀ ਹੈ।

ਫ਼ੋਨ: 1-800-661-1095

ਵੈਬਸਾਈਟ: *www.lawsociety.ab.ca > Lawyer Referral*

**ਐਡਮੰਟਨ ਕਮਿਊਨੀਟੀ ਲੀਗਲ ਸੈਂਟਰ (Edmonton Community Legal Centre)**

ਜੇ ਤੁਸੀਂ ਵਕੀਲ ਦੀ ਫ਼ੀਸ ਨਹੀਂ ਦੇ ਸਕਦੇ ਤਾਂ ਘੱਟ ਤਨਖਾਹ ਵਾਲੇ ਵਿਅਕਤੀਆਂ ਲਈ ਕਾਨੂੰਨੀ ਸਹਾਇਤਾ ਮਿਲ ਸਕਦੀ ਹੈ.

ਫ਼ੋਨ: 780-702-1725

ਵੈਬਸਾਈਟ: *www.eclc.ca*

**ਲੀਗਲ ਏਡ (Legal Aid)**

ਜੇ ਤੁਸੀਂ ਵਕੀਲ ਦੀ ਫ਼ੀਸ ਨਹੀਂ ਦੇ ਸਕਦੇ ਤਾਂ ਲੀਗਲ ਏਡ ਤੁਹਾਡੀ ਸਹਾਇਤਾ ਕਰ ਸਕਦਾ/ਸਕਦੀ ਹੈ।

ਫ਼ੋਨ: 1.866.845.3425

ਵੈਬਸਾਈਟ: *www.legalaid.ab.ca/*

**ਦਸਤਾਵੇਜ਼ ਪ੍ਰਮਾਣਕ (Notary Publics)**

ਨੋਟਰੀ ਪਬਲਿਕਸ ਉਹ ਲੋਕ ਹਨ (ਅਕਸਰ ਵਕੀਲ ਹੁੰਦੇ ਹਨ) ਜੋ ਕਾਨੂੰਨੀ ਤੌਰ ਤੇ ਇਹ ਅਧਿਕਾਰ ਰੱਖਦੇ ਹਨ ਕਿ ਉਹ ਕਸਮ ਖੁਆ ਸਕਣ, ਗਵਾਹੀ ਦੇ ਸਕਣ ਅਤੇ ਦਸਤਾਵੇਜ਼ ਨੂੰ ਪ੍ਰਮਾਣਿਤ ਕਰ ਸਕਣ। ਐਡਮੰਟਨ ਵਿੱਚ ਬਹੁਤ ਨੋਟਰੀ ਪਬਲਿਕਸ ਹਨ। ਕਿਸੇ ਇਕ ਨਾਲ ਸੰਪਰਕ ਕਰਨ ਲਈ ਇੰਟਰਨੈਟ ਤੇ ਜਾ ਕੇ ਐਡਮੰਟਨ ਨੋਟਰੀ ਪਬਲਿਕਸ (Edmonton Notary Publics) ਦੇ ਨਾਮ ਹੇਠ ਖੋਜ ਕਰੋ।

## ਮਨੁੱਖੀ ਹੱਕ

ਕੈਨੇਡਾ ਵਿੱਚ ਸਭ ਲੋਕ ਬਰਾਬਰ ਸਮਝੇ ਜਾਂਦੇ ਹਨ। ਦੀ ਅਲਬਰਟਾ ਹਿਊਮਨ ਰਾਈਟਸ, ਸਿਟੀਜ਼ਨਸ਼ਿਪ ਐਂਡ ਮਲਟੀਕਲਚਰਲ ਐਕਟ (The Alberta Human Rights, Citizenship and Multicultural Act) ਸਾਰੇ ਅਲਬਰਟਾ ਵਾਸੀਆਂ ਦੀ ਕਿਸੇ ਵੀ ਕਿਸਮ ਦੇ ਵਿਤਕਰੇ ਤੋਂ ਰੱਖਿਆ ਕਰਦਾ ਹੈ ਜਿਸ ਦਾ ਆਧਾਰ ਨਸਲ, ਧਰਮ, ਰੰਗ, ਲਿੰਗ, ਉਮਰ, ਖਾਨਦਾਨ, ਜਨਮ-ਸਥਾਨ, ਵਿਆਹਕ ਸਥਿੱਤੀ, ਪਰਵਾਰਿਕ ਸਥਿੱਤੀ, ਆਮਦਨੀ ਦਾ ਵਸੀਲਾ, ਸਰੀਰਕ ਯੋਗਤਾ, ਮਾਨਸਿਕ ਯੋਗਤਾ ਜਾਂ ਜਿਨਸੀ ਰੁਝਾਨ (sexual orientation) ਹੋਵੇ। ਜੇ ਤੁਸੀਂ ਮਹਿਸੂਸ ਕਰੋ ਕਿ ਉੱਪਰ ਲਿਖਿਆਂ ਵਿਚੋਂ ਕਿਸੇ ਵੀ ਕਾਰਨ ਕਰਕੇ ਤੁਹਾਡੇ ਨਾਲ ਅਯੋਗ ਵਿਵਹਾਰ ਹੋਇਆ ਹੈ ਤਾਂ ਤੁਸੀਂ ਇਨ੍ਹਾਂ ਨਾਲ ਸੰਪਰਕ ਕਰ ਸਕਦੇ ਹੋ:

**ਅਲਬਰਟਾ ਹਿਊਮਨ ਰਾਈਟਸ ਐਂਡ ਸਿਟੀਜ਼ਨਸ਼ਿਪ ਕਮੀਸ਼ਨ (Alberta Human Rights and Citizenship Commission**

ਫ਼ੋਨ: 780-427-6013

ਵੈਬਸਾਈਟ: *www.albertahumanrights.ab.ca*

**ਜੋਹਨ ਹਮਫ਼ਰੀ ਸੈਂਟਰ ਫ਼ੋਰ ਪੀਸ ਐਂਡ ਹਿਊਮਨ ਰਾਈਟਸ (John Humphrey Centre for Peace and Human Rights)**

ਫ਼ੋਨ: 780-453-2638

ਵੈਬਸਾਈਟ: *www.jhcentre.org*

**ਸੈਂਟਰ ਫੋਰ ਰੇਸ ਐਂਡ ਕਲਚਰ (Centre for Race and Culture)**

ਫ਼ੋਨ: 780-425-4644

ਵੈਬਸਾਈਟ: *www.cfrac.com*

## ਕੁਟੰਬ ਕਾਨੂੰਨ (FAMILY LAW)

ਕੈਨੇਡਾ ਵਿੱਚ ਅਜਿਹੇ ਕਾਨੂੰਨ ਹਨ ਜੋ ਨਗਰ ਵਾਸੀਆਂ ਨੂੰ ਆਪਸੀ ਰਿਸ਼ਤਿਆਂ ਦੇ ਤਸ਼ਦੱਦ ਤੇ ਹੋਰ ਕਈ ਤਰ੍ਹਾਂ ਦੇ ਦੁਰਵਿਹਾਰਾਂ ਤੋਂ ਰੱਖਿਆ ਕਰਦੇ ਹਨ। ਇਹ ਕਿਸੇ ਵੀ ਪਰਵਾਰ ਵਿੱਚ, ਪਤੀ ਪਤਨੀ, ਬੱਚਿਆਂ ਜਾਂ ਬਜ਼ੁਰਗਾਂ ਦੇ ਵਿਰੁੱਧ ਹੋ ਸਕਦੇ ਹਨ। ਇਹ ਦੁਰਵਿਹਾਰ ਵੱਖ ਵੱਖ ਤਰ੍ਹਾਂ ਦੇ ਹਨ ਜਿਵੇਂ ਸਰੀਰਕ, ਲਿੰਗੀ, ਭਾਵੁਕ, ਅਤੇ ਆਰਥਿਕ। ਜੇ ਤੁਹਾਨੂੰ ਸ਼ੱਕ ਹੋਵੇ ਕਿ ਕਿਸੇ ਨਾਲ ਅਜਿਹਾ ਕੋਈ ਬੁਰਾ ਸਲੂਕ ਹੋ ਰਿਹਾ ਹੈ ਤਾਂ ਕਾਨੂੰਨ ਇਹ ਮੰਗ ਕਰਦਾ ਹੈ ਕਿ ਤੁਸੀਂ ਇਸਦੀ ਖਬਰ ਪੁਲੀਸ ਨੂੰ ਕਰੋ।








# 11 ਐਡਮੰਟਨ ਵਿੱਚ ਮੌਜ-ਮਸਤੀ ਕਰਨਾ

ਐਡਮੰਟਨ ਵਿੱਚ ਹੋਣ ਵਾਲੀਆਂ ਸਰਗਰਮੀਆਂ ਬਾਰੇ ਜਾਣਕਾਰੀ ਤੁਹਾਨੂੰ ਐਡਮੰਟਨ ਸ਼ਹਿਰ ਦੇ ਈਵੈਂਟਸ ਕੈਲੰਡਰ (The City of Edmonton events calendar) ਤੋਂ ਮਿਲ ਜਾਏਗੀ।

*ਵੈਬਸਾਈਟ: www.edmonton.ca > Attractions & Events > Events Calendar*

ਦੀ ਸਿਟੀ ਆਫ਼ ਐਡਮੰਟਨ (the City of Edmonton) ਦੀ ਵੈਬਸਾਈਟ ਤੋਂ ਤੁਹਾਨੂੰ ਸਥਾਨਕ ਸਹੂਲਤਾਂ, ਪਾਰਕ ਅਤੇ ਹੋਰ ਸਾਧਨ ਜਿਵੇਂ ਇਕੋ-ਸਟੇਸ਼ਨਜ਼ (eco-stations), ਦਰਿਆ ਦੀ ਵਾਦੀ, ਖੇਡਾਂ ਤੇ ਦਿਲ-ਪਰਚਾਵੇ ਬਾਰੇ ਜਾਣਕਾਰੀ ਮਿਲ ਜਾਏਗੀ।
ਫ਼ੋਨ: 311
*ਵੈਬਸਾਈਟ: www.edmonton.ca*

ਐਡਮੰਟਨ ਵਿੱਚ ਉਤਸਵਾਂ, ਕਲਾ, ਸੱਭਿਅਤਾ ਅਤੇ ਹੋਰ ਪ੍ਰੋਗਰਾਮਾਂ ਸਬੰਧੀ ਵਧੇਰੇ ਜਾਣਕਾਰੀ ਲਈ ਇਸ ਵੈਬਸਾਈਟ ਤੇ ਜਾਓ:
*ਵੈਬਸਾਈਟ: www.exploreedmonton.com*

## ਐਡਮੰਟਨ ਸ਼ਹਿਰ ਦੇ ਦਿਲਚਸਪ ਸਥਾਨ


ਐਡਮੰਟਨ ਸ਼ਹਿਰ ਦੁਨੀਆ ਦੇ ਉੱਤਮ ਦਿਲਚਸਪ ਸਥਾਨਾਂ ਦਾ ਪ੍ਰਬੰਧ ਕਰਦਾ ਹੈ ਜਿੱਥੇ ਪੂਰਾ ਪਰਵਾਰ ਇਤਿਹਾਸ, ਕੁਦਰਤ, ਜੰਗਲਾਂ ਦੇ ਜੀਵਨ ਅਤੇ ਹੋਰ ਬਹੁਤ ਕੁਝ ਦਾ ਅਨੰਦ ਮਾਣ ਸਕਦਾ ਹੈ।


**ਇਤਿਹਾਸ: ਫ਼ੋਰਟ ਐਡਮੰਟਨ ਪਾਰਕ (Fort Edmonton Park)**
ਗੁਜ਼ਰੇ ਹੋਏ ਸਮੇਂ ਨਾਲ ਜੁੜੋ ਅਤੇ ਐਡਮੰਟਨ ਦੇ ਮੁੱਢ ਤੇ ਬੀਤ ਚੁੱਕੇ ਵਿਰਸੇ ਦੀ ਖੋਜ ਕਰੋ।
ਫ਼ੋਨ: 311
*ਵੈਬਸਾਈਟ: www.fortedmontonpark.ca*

**ਕੁਦਰਤ: ਜੋਹਨ ਜੈਨਜ਼ਨ ਨੇਚਰ ਸੈਂਟਰ (John Janzen Nature Centre)**
ਉੱਤਰੀ ਅਲਬਰਟਾ ਤੇ ਉੱਤਰੀ ਸਸਕੈਚਵਨ ਦਰਿਆ ਦੀ ਵਾਦੀ ਦੇ ਕੁਦਰਤੀ ਆਲੇ-ਦੁਆਲੇ ਦੀ ਖੋਜ ਕਰੋ।
ਫ਼ੋਨ: 311
*ਵੈਬਸਾਈਟ: www.edmonton.ca > Attractions & Events > John Janzen Nature Centre*

**ਕੁਦਰਤ: ਮਿਊਟਾਰਟ ਕੋਨਜ਼ਰਵੇਟਰੀ (Muttart Conservatory)**
ਇਸ ਥਕਾਵਟ ਦੂਰ ਕਰਨ ਵਾਲੇ ਦੁਨੀਆ ਦੇ ਉੱਤਮ ਸ਼ੀਸ਼ੇ ਦੇ ਬਣੇ ਪੌਦਿਆਂ ਦੇ ਭਵਨ-ਸਮੂਹ ਵਿੱਚ ਜਾ ਕੇ ਸੰਸਾਰ ਦੇ ਹਰ ਕੋਨੇ ਦੇ ਬੂਟਿਆਂ ਦਾ ਆਨੰਦ ਮਾਣੋ।
ਫ਼ੋਨ: 311
*ਵੈਬਸਾਈਟ: www.edmonton.ca > Attractions & Events > Muttart Conservatory*

**ਜੰਗਲੀ ਜੀਵਨ: ਦੀ ਵੈਲੀ ਜ਼ੂ (The Valley Zoo)**
ਅਲਬਰਟਾ ਅਤੇ ਦੁਨੀਆ ਦੇ ਹਰ ਕੋਨੇ ਤੋਂ ਲਿਆਏ ਗਏ ਜਾਨਵਰਾਂ ਨੂੰ ਮਿਲਕੇ ਖੁਸ਼ੀ ਪ੍ਰਾਪਤ ਕਰੋ।
ਫ਼ੋਨ: 311
*ਵੈਬਸਾਈਟ: www.edmonton.ca > Attractions & Events > Edmonton Valley Zoo*









# ਖੇਡਾਂ ਤੇ ਦਿਲ-ਪਰਚਾਵਾ

**ਐਡਮੰਟਨ ਸ਼ਹਿਰ ਵਲੋਂ ਕਾਫ਼ੀ ਗਿਣਤੀ ਵਿੱਚ ਦਿਲ-ਪਰਚਾਵੇ ਦੇ ਕੇਂਦਰ (recreation centers) ਅਤੇ ਤਰਨ-ਤਲਾਬਾਂ ਦਾ ਪ੍ਰਬੰਧ ਕੀਤਾ ਗਿਆ ਹੈ ਜਿੱਥੇ ਜਾਕੇ ਤੁਸੀਂ ਸਾਰਾ ਸਾਲ ਕਸਰਤ ਕਰ ਸਕਦੇ ਹੋ। ਦਿਲ-ਪਰਚਾਵੇ ਦੇ ਇਹ ਕੇਂਦਰ ਕਈ ਪ੍ਰਕਾਰ ਦੇ ਪ੍ਰੋਗਰਾਮ ਤੇ ਕਲਾਸਾਂ ਪ੍ਰਦਾਨ ਕਰਦੇ ਹਨ। ਇੱਥੇ ਜਿਮਨੇਜ਼ੀਅਮਜ਼ (gymnaziams), ਫ਼ੀਲਡ ਹਊਸਿਜ਼ (field houses), ਚਾਰ-ਦਿਵਾਰੀ ਅੰਦਰ ਦੌੜਨ ਲਈ ਰਸਤੇ ਅਤੇ ਤੰਦਰੁਸਤੀ ਲਈ ਮਸ਼ੀਨੀ ਸਾਮਾਨ ਵੀ ਹਨ। ਕੁਝ ਤਰਨ-ਤਾਲਾਬ ਕੇਵਲ ਇਸਤ੍ਰੀਆਂ ਲਈ ਤਰਨ ਸਮੇਂ ਦਾ ਪ੍ਰਬੰਧ ਵੀ ਕਰਦੇ ਹਨ। ਜਾਣਕਾਰੀ ਲਈ 311 ਨੰਬਰ ਤੇ ਫ਼ੋਨ ਕਰੋ।**





**ACT ਏਕੁਏਟਿਕ ਐਂਡ ਰੇਕਰੀਏਸ਼ਨ ਸੈਂਟਰ (ACT Aquatic and Recreation Centre)**
ਪਤਾ: 2909 – 113 Avenue

**ਬੌਨੀਡੂਨ (Bonnie Doon)**
ਪਤਾ: 8648 – 81 Street

**ਸਿਟੀ ਆਰਟਸ ਸੈਂਟਰ (City Arts Centre)**
ਪਤਾ: 10943 – 84 Avenue

**ਕਲੇਅਰਵਿਊ (Clareview)**
ਪਤਾ:: 3804 – 139 Avenue

**ਕੌਮਨਵੈਲਥ (Commonwealth)**
ਪਤਾ: 11000 – Stadium Road

**ਕੋਨਫ਼ੈਡਰੇਸ਼ਨ (Confederation)**
ਪਤਾ: 11204 – 43 Avenue

**ਈਸਟਗਲੈਨ (Eastglen)**
ਪਤਾ: 11410 – 68 Street

**ਗਰੈਂਡ ਟਰੰਕ (Grand Trunk)**
ਪਤਾ: 13025 – 112 Street

**ਹਾਰਡਿਸਟੀ (Hardisty)**
ਪਤਾ: 10535 – 65 Street



**ਜੈਸਪਰ ਪਲੇਸ (Jasper Place)**
ਪਤਾ: 9200 – 163 Street

**ਕਿਨਜ਼ਮੈਨ (Kinsmen)**
ਪਤਾ: 9100 – Walterdale Hill

**ਲੰਡਨਡੈਰੀ (Londonderry)**
ਪਤਾ: 14528 – 66 Street

**ਮਿਲਵੂਡਜ਼ (Mill Woods)**
ਪਤਾ: 7207 – 28 Avenue

**ਓਲੀਅਰੀ (O'Leary)**
ਪਤਾ: 8804 – 102 Avenue

**ਪੀਟਰ ਹੈਮਿੰਗਵੇਅ (Peter Hemingway)**
ਪਤਾ: 13808 – 111 Avenue

**ਸਕੋਨਾ ਪੂਲ (Scona Pool)**
ਪਤਾ: 10450 – 72 Avenue

**ਸੇਂਟ ਫ਼ਰਾਂਸਿਸ ਜ਼ੇਵਿਅਰ (St. Francis Xavier)**
ਪਤਾ: 9240 – 163 Street

**ਟ੍ਰਵਿਲਗਰ (Terwillegar)**
ਪਤਾ: 2151 – Leger Road

## ਫ਼ੁਰਸਤ ਪ੍ਰਵੇਸ਼ ਪ੍ਰੋਗਰਾਮ (LEISURE ACCESS PROGRAM)

ਐਡਮੰਟਨ ਵਿੱਚ ਰਹਿ ਰਹੇ ਘੱਟ ਤਨਖਾਹ ਲੈਣ ਵਾਲੇ ਪਰਵਾਰ ਐਡਮੰਟਨ ਸ਼ਹਿਰ ਦੇ ਦਿਲਚਸਪ ਸਥਾਨਾਂ ਤੇ ਮਨੋਰੰਜਕ ਸੈਂਟਰਜ਼ ਵਿੱਚ ਫ਼ੁਰਸਤ ਪ੍ਰਵੇਸ਼ ਪ੍ਰੋਗਰਾਮ ਦੇ ਅਧੀਨ ਮੁਫ਼ਤ ਜਾਂ ਘੱਟ ਕੀਮਤ ਤੇ ਰਜਿਸਟਰਡ ਪ੍ਰੋਗਰਾਮਾਂ ਵਿੱਚ ਭਾਗ ਲੈ ਸਕਦੇ ਹਨ।

ਫ਼ੋਨ: 780-496-4918

*ਵੈਬਸਾਈਟ: www.edmonton.ca > Programs & Services > Leisure Access Program*



**ਐਡਮੰਟਨ ਵਿੱਚ ਇਕ ਬਹੁਤ ਪ੍ਰਭਾਵਸ਼ਾਲੀ ਸਥਾਨਕ ਕਲਾ ਨਾਲ ਜੁੜਿਆ ਭਾਈਚਾਰਾ ਹੈ। ਸਾਰੇ ਸਾਲ ਵਿੱਚ ਹੋਣ ਵਾਲੇ ਉਤਸਵਾਂ ਤੋਂ ਇਲਾਵਾ, ਐਡਮੰਟਨ ਵਿੱਚ ਬਹੁਤ ਸਾਰੀਆਂ ਪੇਸ਼ਾਵਰ ਕਲਾ-ਕੰਪਨੀਆਂ ਅਤੇ ਸੰਸਥਾਵਾਂ ਵੀ ਹਨ।**

**ਆਰਟ ਗੈਲਰੀ ਆਫ਼ ਅਲਬਰਟਾ (Art Gallery of Alberta)**
*ਵੈਬਸਾਈਟ: www.youraga.ca*

**ਰੋਇਲ ਅਲਬਰਟਾ ਮਿਊਜ਼ੀਅਮ (Royal Alberta Museum)**
*ਵੈਬਸਾਈਟ: www.royalalbertamuseum.ca*


**ਐਡਮੰਟਨ ਸਿੰਫ਼ਨੀ ਓਰਕੈਸਟਰਾ (Edmonton Symphony Orchestra)**
*ਵੈਬਸਾਈਟ: www.edmontonsymphony.com*

**ਸਿਟੇਡਲ ਥੀਏਟਰ (Citadel Theatre)**
*ਵੈਬਸਾਈਟ: www.citadeltheatre.com*

**ਐਡਮੰਟਨ ਓਪਰਾ ਕੰਪਨੀ (Edmonton Opera Company)**
*ਵੈਬਸਾਈਟ: www.edmontonopera.com*

ਇਸ ਸ਼ਹਿਰ ਵਿੱਚ ਸਰੋਤਿਆਂ ਦੀ ਹਾਜ਼ਰੀ ਵਿੱਚ ਰੰਗ-ਭੂਮੀ ਤੇ ਪ੍ਰਦਰਸ਼ਨ, ਬੈਂਡਜ਼ ਅਤੇ ਸੰਗੀਤ ਗਰੁਪ, ਨਾਚ-ਕੰਪਨੀਆਂ, ਦਰਸ਼ਨੀ ਕਲਾਕਾਰ ਅਤੇ ਹੋਰ ਬਹੁਤ ਕੁਝ ਹੈ। ਇਨ੍ਹਾਂ ਆਉਣ ਵਾਲੇ ਸਮਾਗਮਾਂ ਦੀ ਜਾਣਕਾਰੀ ਲਈ ਆਪਣੇ ਸਥਾਨਕ ਅਖ਼ਬਾਰਾਂ, ਟੈਲੀਵੀਯਨ ਤੇ ਰੇਡੀਓ ਸਟੇਸ਼ਨਾਂ ਅਤੇ ਇਸਦੇ ਨਾਲ ਹੀ ਇੰਟਰਨੈਟ (internet) ਤੇ ਵੀ ਦੇਖੋ। ਇਨ੍ਹਾਂ ਸਮਾਗਮਾਂ ਬਾਰੇ ਮੁਫ਼ਤ ਜਾਣਕਾਰੀ ਦਾ ਇਕ ਉੱਤਮ ਸੋਮਾ ਹੈ ਸਥਾਨਕ ਸਪਤਾਹਿਕ ਮੈਗਜ਼ੀਨ ਇਵਯੂ (Vue) ਜੋ ਅਖ਼ਬਾਰਾਂ ਦੇ ਸਟੈਂਡ ਤੇ ਮਿਲ ਜਾਂਦਾ ਹੈ ਅਤੇ ਓਨਲਾਈਨ (online) ਵੀ ਦੇਖ ਸਕਦੇ ਹੋ।

*ਵੈਬਸਾਈਟ: www.vueweekly.com*





# ਐਡਮੰਟਨ ਦੇ ਮਨ-ਪਸੰਦ ਸਥਾਨ

ਐਡਮੰਟਨ ਦੇ ਰੈਸਟੋਰੈਂਟ, ਸ਼ਹਿਰ ਦੇ ਸਮਾਗਮ, ਐਡਮੰਟਨ ਵਿੱਚ ਕੁਝ ਵੀ ਕਰਨ ਲਈ ਅਤੇ ਹੋਰ ਬਹੁਤ ਕੁਝ ਬਾਰੇ ਜਾਣਕਾਰੀ ਵਾਸਤੇ ਇਸ ਵੈਬਸਾਈਟ ਤੇ ਜਾਓ:

*ਵੈਬਸਾਈਟ: www.exploreedmonton.com*

## ਐਡਮੰਟਨ ਵਾਸੀਆਂ ਦੇ ਕੁਝ ਮਨ-ਪਸੰਦ ਰੁਝੇਵੇਂ:

- ਸ਼ਹਿਰ ਦੀ ਕਿਸੇ ਇਕ ਫ਼ਾਰਮਰਜ਼ ਮਾਰਕਿਟ (Farmers' Market) ਵਿੱਚ ਜਾ ਕੇ ਖਰੀਦਦਾਰੀ ਕਰਨਾ
- ਚਾਈਨਾ ਟਊਨ (Chinatown) ਜਾਂ ਲਿਟਲ ਇਟਲੀ (Little Italy) ਦੀ ਸੈਰ ਕਰਨਾ
- 124 ਸਟਰੀਟ ਜਾਂ ਵਾਈਟ ਐਵੀਨਿਊ (124 Street or Whyte Avenue) ਦੀਆਂ ਗੈਲਰੀਜ਼, ਰੈਸਟੋਰੈਂਟ ਤੇ ਦੁਕਾਨਾਂ ਤੇ ਜਾਣਾ
- ਦਰਿਆ ਦੀ ਵਾਦੀ ਦੇ 150 ਕਿਲੋ ਮੀਟਰ ਲੰਮੇ ਰਸਤਿਆਂ ਤੇ ਸੈਰ ਕਰਨੀ ਜਾਂ ਸਾਈਕਲ ਚਲਾਉਣਾ
- ਦਰਿਆ ਦੀ ਵਾਦੀ ਦੇ ਬਹੁਤ ਸਾਰੇ ਪਾਰਕਾਂ ਵਿਚੋਂ ਕਿਸੇ ਇਕ ਤੇ ਜਾ ਕੇ ਪਿਕਨਿਕ ਕਰਨਾ
- ਸਾਡੇ ਬਹੁਤ ਸਾਰੇ ਦਿਲਚਸਪ ਸਥਾਨਾਂ ਵਿਚੋਂ ਕਿਸੇ ਇਕ ਤੇ ਜਾਣਾ
- ਚਰਚਿਲ ਸੁਕੇਅਰ (Churchill Square) ਤੇ ਜਨਤਕ ਸਮਾਗਮਾਂ ਦਾ ਅਨੰਦ ਮਾਨਣਾ
- ਪੇਸ਼ਾਵਰ ਖੇਡਾਂ ਦੀਆਂ ਸਰਗਰਮੀਆਂ ਤੇ ਹਾਜ਼ਰੀ ਭਰਨਾ
- ਐਡਮੰਟਨ ਦੇ ਵੰਨ-ਸੁਵੰਨੇ ਰੈਸਟੋਰੈਂਟਾਂ ਵਿਚੋਂ ਕਿਸੇ ਇਕ ਤੇ ਜਾ ਕੇ ਭੋਜਨ ਦਾ ਆਨੰਦ ਲੈਣਾ



## ਭਾਈਚਾਰਕ ਸੰਘ (COMMUNITY LEAGUES)

ਭਾਈਚਾਰਕ ਸੰਘ ਤੁਹਾਡੇ ਗੁਆਂਢ ਵਿੱਚ ਇਕ ਸੰਸਥਾ ਹੈ ਜੋ ਤੁਹਾਨੂੰ ਮੇਲ-ਜੋਲ ਤੇ ਮਨ-ਪਰਚਾਵੇ ਦੀਆਂ ਸਰਗਰਮੀਆਂ ਵਿੱਚ ਭਾਗ ਲੈਣ ਦਾ ਮੌਕਾ ਪ੍ਰਦਾਨ ਕਰਦੀ ਹੈ ਤਾਂ ਜੋ ਤੁਸੀਂ ਆਪਣੇ ਆਂਢ-ਗੁਆਂਢ ਵਿੱਚ ਵਸਦੇ ਹਮਸਾਇਆ ਨੂੰ ਮਿਲ ਸਕੋ। ਐਡਮੰਟਨ ਵਿੱਚ 154 ਭਾਈਚਾਰਕ ਸੰਘ ਹਨ। ਆਪਣੇ ਗੁਆਂਢ ਵਿੱਚ ਭਾਈਚਾਰਕ ਸੰਘ ਤੇ ਉਸ ਵਲੋਂ ਪ੍ਰਦਾਨ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਤੇ ਸੇਵਾਵਾਂ ਬਾਰੇ ਜਾਣਕਾਰੀ ਲਈ ਫ਼ੋਨ ਕਰੋ:

**ਐਡਮੰਟਨ ਫ਼ੈਡਰੇਸ਼ਨ ਆਫ਼ ਕਮਿਊਨੀਟੀ ਲੀਗਜ਼ (Edmonton Federation of Community Leagues)**

ਫ਼ੋਨ: 780-437-2913

*ਵੈਬਸਾਈਟ: www.efcl.org*

## ਸੱਭਿਅਕ ਅਤੇ ਭਾਈਚਾਰਕ ਸੰਗਠਨ

ਐਡਮੰਟਨ ਇਕ ਸ਼ਾਨਦਾਰ ਬਹੁ-ਸੱਭਿਅਕ ਸ਼ਹਿਰ ਹੈ। ਦੁਨੀਆ ਦੇ ਹਰ ਕੋਨੇ ਦੀਆਂ ਸੱਭਿਅਤਾਵਾਂ ਦੀ ਪ੍ਰਤੀਨਿਧਤਾ ਕਰਦੀਆਂ ਇੱਥੇ ਕਈ ਪ੍ਰਕਾਰ ਦੀਆਂ ਵੱਖ ਵੱਖ ਨਸਲੀ-ਸਭਿਆਚਾਰਕ ਸੰਸਥਾਵਾਂ ਹਨ। ਇਸ ਸਬੰਧੀ ਜਾਣਕਾਰੀ ਲਈ ਐਡਮੰਟਨ ਵਿੱਚ ਆਵਾਸੀਆਂ ਦੀ ਸੇਵਾ ਕਰਨ ਵਾਲੀਆਂ ਕਈ ਸੰਸਥਾਵਾਂ ਵਿਚੋਂ ਕਿਸੇ ਇਕ ਨਾਲ ਸੰਪਰਕ ਕਰੋ (ਦੇਖੋ ਸੈਟਲਮੈਂਟ ਸਰਵਿਸਿਜ਼ (Settlement Services)।

## ਤਿਉਹਾਰ

ਐਡਮੰਟਨ ਇਕ "ਤਿਓਹਾਰਾਂ ਦਾ ਸ਼ਹਿਰ" ਕਰਕੇ ਜਾਣਿਆ ਜਾਂਦਾ ਹੈ। ਐਡਮੰਟਨ ਵਿੱਚ 30 ਤੋਂ ਵੀ ਵੱਧ ਵੱਡੇ ਤਿਉਹਾਰ ਮਨਾਏ ਜਾਂਦੇ ਹਨ ਜਿਨ੍ਹਾਂ ਵਿੱਚ ਸ਼ਾਮਲ ਹਨ ਕਲਾ, ਜਾਜ਼ (jaz), ਲੋਕ-ਗੀਤ, ਬਲੂਜ਼ (blues) ਅਤੇ ਕਲਾਸਿਕ ਸੰਗੀਤ, ਰੰਗ-ਮੰਚ, ਨਾਚ, ਦਰਸ਼ਨੀ ਕਲਾ, ਗਲੀ-ਪਰਦਰਸ਼ਕ (Street performers), ਜਾਤੀ ਭੋਜਨ ਅਤੇ ਸਰਦੀ ਰੁੱਤ ਦੇ ਜਸ਼ਨ। ਡਊਨ ਟਊਨ ਵਿੱਚ ਨਵੇਂ ਸਾਲ ਦੀ ਸ਼ਾਮ ਤੋਂ ਲੈ ਕੇ ਅਗਸਤ ਵਿੱਚ ਹੈਰੀਟੇਜ ਦੇ ਤਿਉਹਾਰ, ਸਰਦੀ ਦੇ ਮੌਸਮ ਦੀਆਂ ਰੰਗ-ਰਲੀਆਂ ਤਕ, ਐਡਮੰਟਨ ਸ਼ਹਿਰ ਵਿੱਚ ਹਰ ਸਮੇਂ ਕੁਝ ਨਾ ਕੁਝ ਅਨੋਖਾ ਵਾਪਰਦਾ ਰਹਿੰਦਾ ਹੈ।

*ਵੈਬਸਾਈਟ: www.edmonton.ca > Attractions & Events > Festivals & Events*

## ਭਾਈਚਾਰਕ ਸਾਂਝੇਦਾਰੀ – ਸ੍ਵੈ-ਸੇਵਕ (COMMUNITY INVOLVEMENT – VOLUNTEERING)

ਬਹੁਤ ਸਾਰੇ ਐਡਮੰਟਨ ਵਾਸੀਆਂ ਦਾ ਆਪਣੀ ਮਰਜ਼ੀ ਨਾਲ ਕਿਸੇ ਦੇ ਕੰਮ ਆ ਸਕਣ ਦੀ ਭਾਵਨਾ ਰੋਜ਼ਾਨਾ ਜ਼ਿੰਦਗੀ ਦਾ ਇਕ ਸਹਿਜ ਸੁਭਾਵਕ ਅੰਗ ਹੈ। ਸ਼ਹਿਰ ਸਬੰਧੀ ਜਾਣਕਾਰੀ ਪ੍ਰਾਪਤ ਕਰਨ ਲਈ, ਲੋਕਾਂ ਨੂੰ ਮਿਲਣ ਲਈ ਅਤੇ ਆਪਣੇ ਭਾਈਚਾਰੇ ਨਾਲ ਸਾਂਝ ਪੈਦਾ ਕਰਨ ਲਈ ਸ੍ਵੈ-ਸੇਵਕ ਬਣ ਕੇ ਕੰਮ ਕਰਨਾ ਇਕ ਬਹੁਤ ਹੀ ਉੱਤਮ ਸਾਧਨ ਹੈ। ਐਡਮੰਟਨ ਵਾਸੀ ਆਪਣੀ ਸ੍ਵੈ-ਸੇਵਾ ਦੀ ਭਾਵਨਾ ਕਰਕੇ ਜਾਣੇ ਜਾਂਦੇ ਹਨ। ਉਹ ਖੁਲ੍ਹੇ ਦਿਲ ਨਾਲ ਆਪਣਾ ਸਮਾਂ ਸੰਸਥਾਵਾਂ ਦੇ ਬੋਰਡ ਮੈਂਬਰ ਬਣ ਕੇ, ਕਮੇਟੀਆਂ ਵਿੱਚ ਕੰਮ ਕਰਕੇ, ਵਿਸ਼ੇਸ਼ ਸਮਾਗਮਾਂ ਵਿੱਚ ਆਪਣਾ ਯੋਗਦਾਨ ਪਾ ਕੇ ਬਿਨਾ ਤਨਖਾਹ ਦੇ ਸੇਵਾ ਕਰਦੇ ਹਨ। ਤੁਸੀਂ ਵੀ ਇਸ ਸਾਂਝੇਦਾਰੀ ਮੁਹਿੰਮ ਵਿੱਚ ਸ਼ਾਮਲ ਹੋਵੋ!

ਫ਼ੋਨ: 780-732-6649

*ਵੈਬਸਾਈਟ: www.volunteeredmonton.com*



# ਐਡਮੰਟਨ ਦੀ ਸਰਦੀ ਵਿੱਚ ਰਹਿਣ







## ਸਰਦ ਸ਼ਹਿਰ ਐਡਮੰਟਨ ਦੀ ਨੀਤੀ

ਐਡਮੰਟਨ ਸਰਦੀਆਂ ਦਾ ਸ਼ਹਿਰ ਹੈ ਜਿੱਥੇ ਤਾਪਮਾਨ ਜ਼ੀਰੋ ਡਿਗਰੀ ਸੈਲਸੀਅਸ (Celcius) ਤੋਂ 30-40 ਡਿਗਰੀ ਹੇਠਾਂ ਚਲਾ ਜਾਂਦਾ ਹੈ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਕਪੜੇ ਧਿਆਨ ਨਾਲ ਪਾਏ ਜਾਣ ਅਤੇ ਸਰਦੀ ਦੇ ਮੌਸਮ ਲਈ ਪੂਰੀ ਤਰ੍ਹਾਂ ਤਿਆਰ ਰਿਹਾ ਜਾਏ।

ਸਰਦੀ ਭਾਵੇਂ ਕਿਤਨੀ ਵੀ ਹੋਵੇ ਪਰ ਇਸਦਾ ਆਨੰਦ ਮਾਨਣ ਲਈ ਬੜੇ ਸਮਾਗਮ ਤੇ ਬਾਹਰ ਖੁਲ੍ਹੇ ਵਾਤਾਵਰਣ ਵਿੱਚ ਕਈ ਮਨ-ਪਰਚਾਵੇ ਦੇ ਮੌਕੇ ਤੁਹਾਡੇ ਲਈ ਹਨ। ਸ਼ਹਿਰ ਦੇ ਪ੍ਰਬੰਧਕ ਬਹੁਤ ਮਿਹਨਤ ਕਰਦੇ ਹਨ ਕਿ ਸਰਦੀ ਦੇ ਬਾਵਜੂਦ ਵੀ ਐਡਮੰਟਨ ਨਗਰ ਵਾਸੀਆਂ ਦੇ ਰਹਿਣ ਲਈ ਇਕ ਬਹੁਤ ਚੰਗੀ ਥਾਂ ਬਣੀ ਰਹੇ।
*ਵੈਬਸਾਈਟ: www.edmonton.ca > City Government > Initiatives & Innovation > Winter City Strategy*

ਸਾਲ ਵਿੱਚ 6 ਮਹੀਨੇ ਤਕ ਐਡਮੰਟਨ ਵਿੱਚ ਸਰਦੀ ਦਾ ਮੌਸਮ ਰਹਿੰਦਾ ਹੈ। ਪਹਿਲੀ ਬਰਫ਼ ਆਮ ਤੌਰ ਤੇ ਅਕਤੂਬਰ ਦੇ ਅੰਤ/ਨਵੰਬਰ ਦੇ ਸ਼ੁਰੂ ਵਿੱਚ ਪੈਂਦੀ ਹੈ ਅਤੇ ਇਹ ਸਰਦੀ ਮਾਰਚ ਦੇ ਅੰਤ/ਅਪ੍ਰੈਲ ਦੇ ਸ਼ੁਰੂ ਤਕ ਰਹਿੰਦੀ ਹੈ।





## ਐਡਮੰਟਨ ਵਿੱਚ ਸਰਦੀ ਦੇ ਮਨ-ਪਸੰਦ ਰੁਝੇਵੇਂ

- ਅੰਦਰ ਤੇ ਬਾਹਰ ਆਈਸ ਸਕੇਟਿੰਗ (ice skating)
- ਡਊਨਹਿਲ ਤੇ ਕਰਾਸ-ਕੰਟਰੀ ਸਕੀਂਗ ਅਤੇ ਸਨੋ-ਬੋਰਡਿੰਗ (Downhill and cross-country skiing and snowboarding)
- ਸਲੈਡਿੰਗ ਅਤੇ ਟੋਬੋਗਨਿੰਗ (Sledding and tobogganing)
- ਬਹੁਤ ਸਾਰੇ ਜਸ਼ਨਾਂ ਤੇ ਉਤਸਵਾਂ ਵਿਚੋਂ ਕਿਸੇ ਇਕ ਤੇ ਜਾਣਾ
- ਕਿਸੇ ਇਕ ਮਨ-ਪਰਚਾਵੇ ਦੇ ਕੇਂਦਰ (Recreation Centre) ਤੇ ਜਾਣਾ

## ਮੌਸਮ ਦਾ ਪੂਰਵ-ਅਨੁਮਾਨ

ਸ਼ਹਿਰ ਵਿੱਚ ਹੋਣ ਵਾਲੀਆਂ ਬਹੁਤ ਸਾਰੀਆਂ ਸਰਦੀ ਦੇ ਮੌਸਮ ਦੀਆਂ ਖੁਲ੍ਹੇ ਵਾਤਾਵਰਣ ਦੀਆਂ ਸਰਗਰਮੀਆਂ ਦਾ ਆਨੰਦ ਮਾਨਣ ਲਈ ਅਤੇ ਮੌਸਮ ਅਨੁਸਾਰ ਕਪੜੇ ਪਾਉਣ ਲਈ, ਐਡਮੰਟਨ ਵਿੱਚ ਸਰਦੀ ਦੇ ਮੌਸਮ ਬਾਰੇ ਜਾਣਕਾਰੀ ਸਹਾਇਕ ਸਿਧ ਹੋ ਸਕਦੀ ਹੈ।

ਮੌਸਮ ਦਾ ਨੈਟਵਰਕ ਅਤੇ ਇਨਵਾਇਰਨਮੈਂਟ ਕੈਨੇਡਾ (The Weather Network and Environment Canada) ਦੋਹਾਂ ਦੀਆਂ ਵੈਬਸਾਈਟ ਹਨ ਜਿੱਥੇ ਜਾ ਕੇ ਤੁਸੀਂ ਮੌਸਮ, ਅਤੇ ਮੌਸਮ ਦਾ ਰੁਖ ਕਿਸ ਪਾਸੇ ਵਲ ਹੈ ਜਾ ਰਿਹਾ ਹੈ, ਬਾਰੇ ਜਾਣ ਸਕਦੇ ਹੋ। ਇਸਦੇ ਨਾਲ ਹੀ, Weather Network ਦੀ ਕੇਬਲ ਟੈਲੀਵੀਯਨ ਤੇ 24 ਘੰਟੇ ਦੀ ਆਪਣੀ ਚੈਨਲ ਵੀ ਹੈ।

*ਵੈਬਸਾਈਟ: www.theweathernetwork.com*

*ਵੈਬਸਾਈਟ: www.weatheroffice.gc.ca*

ਮੌਸਮ ਸਬੰਧੀ ਸੂਚਨਾ ਤੁਸੀਂ ਰੋਜ਼ਾਨਾ ਅਖਬਾਰਾਂ, ਟੈਲੀਵੀਯਨ ਅਤੇ ਰੇਡੀਓ ਦੀਆਂ ਖਬਰਾਂ ਤੋਂ ਵੀ ਪ੍ਰਾਪਤ ਕਰ ਸਕਦੇ ਹੋ।

## ਹਵਾ ਦੀ ਠੰਢਕ

ਕੈਨੇਡਾ ਵਿੱਚ ਸਰਦੀ ਦੀ ਰੁੱਤ ਦੇ ਦੌਰਾਨ ਤੁਸੀਂ ਮੌਸਮ ਸਬੰਧੀ ਸੂਚਨਾ ਵਿੱਚ ਦੋ ਪ੍ਰਕਾਰ ਦੇ ਤਾਪਮਾਨਾਂ ਬਾਰੇ ਸੁਣੋਗੇ। ਇਕ ਤਾਂ ਅਸਲੀ ਤਾਪਮਾਨ ਹੈ ਅਤੇ ਦੂਸਰਾ ਹੈ "ਹਵਾ ਦੀ ਠੰਢਕ" ("wind chill") ਦਾ ਤਾਪਮਾਨ। ਹਵਾ ਦੀ ਠੰਢਕ ਦਾ ਤਾਪਮਾਨ ਹੀ ਬਾਹਰ ਦਾ ਅਸਲੀ ਤਾਪਮਾਨ ਹੈ ਜਿਸ ਵਿੱਚ ਹਵਾ ਦੀ ਠੰਢਕ ਦਾ ਤਾਪਮਾਨ ਸ਼ਾਮਲ ਕੀਤਾ ਗਿਆ ਹੈ। ਉਦ੍ਹਾਰਣ ਵਜੋਂ, ਅਸਲੀ ਤਾਪਮਾਨ -10˚C ਹੋ ਸਕਦਾ ਹੈ ਪਰ ਹਵਾ ਦੀ ਠੰਢਕ ਕਰਕੇ ਉਹ -20˚C ਹੈ। ਇਸਦਾ ਭਾਵ ਹੈ ਕਿ ਬਾਹਰ -20˚C ਮਹਿਸੂਸ ਹੋਵੇਗਾ ਚਾਹੇ ਥਰਮਾਮੀਟਰ -10˚C ਹੀ ਦਸਦਾ ਹੋਵੇ। ਇਸ ਲਈ ਸਰਦੀ ਦੇ ਮੌਸਮ ਵਿੱਚ ਅਸੀਂ ਆਪਣਾ ਵਧੇਰੇ ਧਿਆਨ "ਹਵਾ ਦੀ ਠੰਢਕ" ਵਾਲੇ ਤਾਪਮਾਨ ਵਲ ਦੇਂਦੇ ਹਾਂ।

## ਦਿਨ ਦੀ ਬਚੱਤ (DAYLIGHT SAVING TIME)

ਐਡਮੰਟਨ ਇਕ ਉੱਤਰੀ ਸ਼ਹਿਰ ਹੈ ਜੋ ਲੈਟੀਚਿਊਡ (latitude) 53 ਅਤੇ ਲੌਂਗੀਚਿਊਡ (longitude) 113 ਤੇ ਸਥਿਤ ਹੈ। ਇਸ ਨੂੰ "ਉੱਤਰ ਦਾ ਮੁੱਖ ਪ੍ਰਵੇਸ਼ ਦੁਆਰ" ("Gateway to the North") ਕਿਹਾ ਜਾਂਦਾ ਹੈ। ਇਸਦੀ ਭੂਗੋਲਿਕ ਸਥਿਤੀ ਦੁਨੀਆ ਦੇ ਸਭ ਤੋਂ ਉਪਰਲੇ ਭਾਗ ਦੇ ਨੇੜੇ ਹੋਣ ਦਾ ਭਾਵ ਹੈ ਕਿ ਸਾਨੂੰ ਸਾਲ ਦੀਆਂ ਵੱਖ ਵੱਖ ਰੁਤਾਂ ਵਿੱਚ ਮਿਲਦੀ ਦਿਨ ਦੇ ਸਮੇਂ ਦੀ ਰੌਸ਼ਨੀ ਦੇ ਘੰਟਿਆ ਵਿੱਚ ਅੰਤਰ ਅਨੁਭਵ ਹੁੰਦਾ ਹੈ।

ਸ਼ਾਮ ਵੇਲੇ ਦਿਨ ਦੀ ਰੌਸ਼ਨੀ ਦਾ ਵਧੇਰੇ ਲਾਭ ਉਠਾਉਣਾ, ਦਿਨ ਦੀ ਬਚੱਤ ਕਰਨ ਦਾ ਇਕ ਬਹੁਤ ਵਧੀਆ ਢੰਗ ਹੈ, ਇਸ ਨਾਲ ਅਸੀਂ ਗਰਮੀ ਦੇ ਲੰਮੇ ਦਿਨਾਂ ਦੇ ਦੌਰਾਨ ਘੜੀਆਂ ਇਕ ਘੰਟਾ ਅਗੇ ਕਰਦੇ ਹਾਂ, ਅਤੇ ਪਤਝੱੜ ਆਉਣ ਤੇ ਫ਼ਿਰ ਪਿੱਛੇ। ਰੇਡੀਓ ਅਤੇ ਟੀ ਵੀ ਤੇ ਪਰਸਾਰਤ ਹੋਣ ਵਾਲੀਆਂ ਖਬਰਾਂ ਵਿੱਚ ਨਗਰ ਵਾਸੀਆਂ ਨੂੰ ਘੜੀਆਂ ਤੇ ਵਕਤ ਬਦਲਣ ਸਬੰਧੀ ਯਾਦ ਕਰਵਾਇਆ ਜਾਂਦਾ ਹੈ, ਆਮ ਤੌਰ ਤੇ ਮਾਰਚ-ਅਪ੍ਰੈਲ ਵਿੱਚ ("ਬਹਾਰ ਵਿੱਚ ਅੱਗੇ" ("Spring forward") ਜਦੋਂ ਅਸੀਂ ਇਕ ਘੰਟਾ ਗਵਾ ਲੈਂਦੇ ਹਾਂ) ਅਤੇ ਅਕਤੂਬਰ-ਨਵੰਬਰ ਵਿੱਚ "ਪਤਝੱੜ ਵਿੱਚ ਪਿੱਛੇ" ("Fall back") ਜਦੋਂ ਅਸੀਂ ਇਕ ਘੰਟਾ ਵਧਾ ਲੈਂਦੇ ਹਾਂ।

## ਸੰਚਾਰ ਸਾਧਨ – ਸਥਾਨਕ

ਇਸ ਸ਼ਹਿਰ, ਪ੍ਰਾਂਤ ਅਤੇ ਦੇਸ਼ ਸਬੰਧੀ ਹੋਰ ਜਾਣਕਾਰੀ ਲਈ ਇਹ ਕੁਝ ਸਥਾਨਕ ਅੰਗਰੇਜ਼ੀ ਤੇ ਫ਼ਰੈਂਚ ਬੋਲੀਆਂ ਦੇ ਟੈਲੀਵੀਯਨ ਅਤੇ ਰੇਡੀਓ ਸਟੇਸ਼ਨ ਹਨ ਜੋ ਤੁਹਾਡੀ ਸਹਾਇਤਾ ਕਰ ਸਕਦੇ ਹਨ।

**CBC (ਕਨੇਡੀਅਨ ਬਰਾਡਕਾਸਟਿੰਗ ਕੋਰਪੋਰੇਸ਼ਨ Canadian Broadcasting Corporation)**
ਟੈਲੀਵੀਯਨ: Channel 4, 15
ਰੇਡੀਓ: 93.9 FM, 740 AM
*ਵੈਬਸਾਈਟ: www.cbc.ca*

**CBC ਫ਼ਰੈਂਚ (French – Société Radio Canada**
ਟੈਲੀਵੀਯਨ: Channel 12
ਰੇਡੀਓ: 90.1 FM
*ਵੈਬਸਾਈਟ: www.src.ca*

**ਸਿਟੀ ਟੀ ਵੀ (City TV)**
ਟੈਲੀਵੀਯਨ: Channel 7
*ਵੈਬਸਾਈਟ: www.citytv.com/edmonton*

**CJSR ਰੇਡੀਓ**
ਇਹ ਇਕ ਯੂਨੀਵਰਸਟੀ ਆਫ਼ ਅਲਬਰਟਾ (A University of Alberta) ਦੇ ਵਿਦਿਆਰਥੀ/ਸ੍ਵੈ-ਸੇਵਕ ਵਲੋਂ ਕਈ ਬੋਲੀਆਂ ਵਿੱਚ ਚਲਾਏ ਪ੍ਰੋਗਰਾਮਾਂ ਦਾ ਰੇਡੀਓ ਸਟੇਸ਼ਨ ਹੈ।
ਰੇਡੀਓ: 88.5 FM
*ਵੈਬਸਾਈਟ: www.cjsrfm88.blogspot.ca*

**CKUA ਰੇਡੀਓ**
ਰੇਡੀਓ: 94.9 FM
*ਵੈਬਸਾਈਟ: ckua.com*

**CTV**
ਟੈਲੀਵੀਯਨ: Channel 2
*Website: www.edmonton.ctvnews.ca*

**ਗਲੋਬਲ (Global)**
ਟੈਲੀਵੀਯਨ: Channel 8
*ਵੈਬਸਾਈਟ: www.globalnews.ca/edmonton*

**ਸ਼ਾਅ ਟੀ ਵੀ (Shaw TV )**
ਟੈਲੀਵੀਯਨ: Channel 11
*ਵੈਬਸਾਈਟ: www.shaw.ca/ShawTV/Edmonton/*



## ਸੰਚਾਰ ਸਾਧਨ - ਸਭਿਆਚਾਰਕ (MEDIA - ETHNIC)

ਕਈ ਪ੍ਰਕਾਰ ਦੇ ਵੱਖ ਵੱਖ ਸਭਿਆਚਾਰਕ ਭਾਈਚਾਰਿਆਂ ਵਲੋਂ ਕਈ ਬੋਲੀਆਂ ਵਿੱਚ ਚਲਾਏ ਹੋਏ ਐਡਮੰਟਨ ਰੇਡੀਓ, ਟੈਲੀਵੀਯਨ, ਅਖਬਾਰਾਂ ਅਤੇ ਵੈਬ ਮੀਡੀਆ (web media) ਜਾਂ ਪ੍ਰੋਗਰਾਮਾਂ ਦੀ ਇਹ ਕੇਵਲ ਕੁਝ ਕੁ ਦੀ ਛੋਟੀ ਜਿਹੀ ਸੂਚੀ ਹੈ।

**ਦੀ ਨੈਸ਼ਨਲ ਐਥਨਿਕ ਪ੍ਰੈਸ** (The National Ethnic Press) ਐਡਮੰਟਨ ਵਿੱਚ ਸਭਿਆਚਾਰਕ ਅਖਬਾਰਾਂ, ਰੇਡੀਓ ਤੇ ਟੈਲੀਵੀਯਨ, ਇਲੈਕਟਰੋਨਿਕ ਮੀਡੀਆ (electronic media) ਅਤੇ ਮੈਗਜ਼ੀਨਾਂ ਦੀ ਸੂਚੀ ਪ੍ਰਦਾਨ ਕਰਦਾ ਹੈ।
*ਵੈਬਸਾਈਟ: www.nationalethnicpress.com*

### ਟੈਲੀਵੀਯਨ

**Alta TV**
*ਵੈਬਸਾਈਟ: www.altatv.ca*

**ਓਮਨੀ ਟੀ ਵੀ (OMNI TV)**
*ਵੈਬਸਾਈਟ: www.omnitv.ca*

**ਸੋਇ ਹਿਸਪੈਨੋ (Soy Hispano)**
*ਵੈਬਸਾਈਟ: www.soyhispano.tv*

### ਰੇਡੀਓ

**ਚਾਈਨੀਜ਼ ਅਊਟਰੀਚ ਐਡਮੰਟਨ (Chinese Outreach Edmonton)**
ਫ਼ੋਨ: 780-466-4809
*ਵੈਬਸਾਈਟ: www.chineseoutreach.ca*

**CJSR FM 88.5**
*ਵੈਬਸਾਈਟ: www.cjsrfm88.blogspot.ca*

**ਰੇਡੀਓ ਦੇਸ਼ ਪੰਜਾਬ**
ਫ਼ੋਨ: 604-506-6123
*ਵੈਬਸਾਈਟ: www.deshpunjabradio.com*

**Sin Fronteras**
ਫ਼ੋਨ: 780-974-3017
*ਵੈਬਸਾਈਟ: www.sinfronteras.ca*

**World FM**
ਫ਼ੋਨ: 780-423-2005
*ਵੈਬਸਾਈਟ: www.worldfm.ca*

### ਪਰਿੰਟ ਐਂਡ ਵੈਬ ਮੀਡੀਆ (PRINT AND WEB MEDIA)

**ਏਸ਼ੀਅਨ ਟ੍ਰੀਬਿਊਨ ਜਰਨਲ (Asian Tribune Journal)**
ਫ਼ੋਨ: 780-423-9922
*ਵੈਬਸਾਈਟ: www.asiantribune.ca*

**ਕਨੇਡੀਅਨ ਅਰਬ ਨਿਊਜ਼ (Canadian Arab News)**
ਫ਼ੋਨ: 780-406-2238

**ਦੀ ਚਾਈਨੀਜ਼ ਜਰਨਲ (The Chinese Journal)**
ਫ਼ੋਨ: 780-424-0213
*ਵੈਬਸਾਈਟ: www.thechinesejournal.com*

**ਦੇਸ ਪਰਦੇਸ ਟਾਈਮਜ਼**
ਫ਼ੋਨ: 780-463-8800
*ਵੈਬਸਾਈਟ: www.despardeshtimes.com*

**ਡਾਇਵਰਸਟੀ ਮੈਗਜ਼ੀਨ (Diversity Magazine)**
ਫ਼ੋਨ: **780-705-3338**
*ਵੈਬਸਾਈਟ: www.diversitymag.ca*

**ਐਡਮੰਟਨ ਚਾਈਨਾ ਵੈਬਪੇਜ (Edmonton China Webpage)**
*ਵੈਬਸਾਈਟ: www.edmontonchina.ca*

**ਐਡਮੰਟਨ ਚਾਈਨੀਜ਼ ਨਿਊਜ਼ (Edmonton Chinese News)**
ਫ਼ੋਨ: 780-426-3452
*ਵੈਬਸਾਈਟ: www.edmontonchinesenews.com*

**ਐਡਮੰਟਨ ਜਿਉਇਸ਼ ਨਿਊਜ਼ (Edmonton Jewish News)**
ਫ਼ੋਨ: 780-421-7966
*ਵੈਬਸਾਈਟ: www.edmontonjewishnews.com*

**ਐਡਮੰਟਨ ਕੋਰੀਅਨ ਨਿਊਜ਼ਪੇਪਰ (Edmonton Korean Newspaper)**
*ਵੈਬਸਾਈਟ: www.hanguksinmun.com*

**Il Nuovo Mundo**
ਫ਼ੋਨ: 780-475-4645

**ਈਟੈਲੀਅਨ ਟਾਈਮਜ਼ (Italian Times)**
ਫ਼ੋਨ: 780-475-4645

**ਕੋਰੀਅਨ ਵੀਕਲੀ (Korean Weekly)**
ਫ਼ੋਨ: 780-422-9222

**L'Eco D'Italia (ਪੱਛਮੀ ਕੈਨੇਡਾ)**
ਫ਼ੋਨ: 780-475-4645

**La Prensa**
ਫ਼ੋਨ: 780-800-1672

**ਦੀ ਲਿੰਕ (The Link)**
ਫ਼ੋਨ: 780-475-4645

**ਮਿਲਵੁਡਜ਼ ਮੋਜ਼ੇਕ (Mill Woods Mosaic)**
ਫ਼ੋਨ: 780-465-7526

**ਨਿਊਕਮਰਜ਼ ਟੀ ਵੀ (Newcomers TV)**
*ਵੈਬਸਾਈਟ: www.nctv.ca*

**ਨੌਰਥ ਅਮੈਰਿਕਨ ਚਾਈਨੀਜ਼ ਵੀਕਲੀ ਐਡਮੰਟਨ (North American Chinese Weekly Edmonton)**
ਫ਼ੋਨ: 780-454-8918
*ਵੈਬਸਾਈਟ: www.nacnews.ca*

**ਪੰਜਾਬੀ ਨੈਟ (Punjabi Net)**
*ਵੈਬਸਾਈਟ: www.rasoion50th.ca*


**ਯੁਕਰੇਨੀਅਨ ਕਨੇਡੀਅਨ ਹੈਰਲਡ (Ukrainian Canadian Herald)**
ਫ਼ੋਨ: 780-455-8695

**ਯੁਕਰੇਨਸਕੀ ਵਿਸਟੀ ਯੁਕਰੇਨੀਅਨ ਨਿਊਜ਼ (Ukrainski Visti Ukrainian News)**
ਫ਼ੋਨ: 780-488-3693

**ਵਿਅਤਨਾਮ ਟਾਈਮ ਮੈਗਜ਼ੀਨ ਐਡਮੰਟਨ (Vietnam Time Magazine Edmonton (Vietnam Thoi Bao Edmonton)**
ਫ਼ੋਨ: 780-429-4781
*ਵੈਬਸਾਈਟ: www.vietnamtimemagazine.com/vnt_edmonton.html*

**ਵਿੰਡਸਪੀਕਰ AMMSA (Windspeaker AMMSA)**
ਫ਼ੋਨ: 780-455-2700 Ext 244
*ਵੈਬਸਾਈਟ: www.ammsa.com*





# ਨਗਰਪਾਲਕਾ ਸਰਕਾਰ

# 12



## ਚੁਣੇ ਹੋਏ ਅਧਿਕਾਰੀ

**ਤੁਹਾਡੇ ਚੁਣੇ ਹੋਏ ਪ੍ਰਤੀਨਿਧ ਕੌਣ ਹਨ ਅਤੇ ਤੁਸੀਂ ਉਨ੍ਹਾਂ ਨੂੰ ਕਿਸ ਤਰ੍ਹਾਂ ਮਿਲ ਸਕਦੇ ਹੋ, ਇਹ ਜਾਣਨ ਲਈ ਫ਼ੋਨ ਕਰੋ:**

**ਫ਼ੋਨ: 311**

***ਵੈਬਸਾਈਟ: www.edmonton.ca > City Government > Councillors & Mayor***

## ਸ਼ਹਿਰ ਦੀ ਕਉਂਸਲ, ਐਡਮੰਟਨ ਸ਼ਹਿਰ ਦੀ ਨਗਰਪਾਲਕਾ ਜਾਂ ਸਥਾਨਕ ਸਰਕਾਰ ਹੈ।

ਐਡਮੰਟਨ ਦੀ ਨਗਰਪਾਲਕਾ ਸਰਕਾਰ 13 ਚੁਣੇ ਹੋਏ ਅਧਿਕਾਰੀਆਂ ਤੋਂ ਬਣਾਈ ਗਈ ਹੈ। ਮੇਅਰ ਅਤੇ 12 ਕਉਂਸਲਰ। ਇਨ੍ਹਾਂ ਦੀ ਚੋਣ ਹਰ ਚਾਰ ਸਾਲ ਬਾਦ ਹੁੰਦੀ ਹੈ। ਐਡਮੰਟਨ ਦੇ 12 ਚੋਣ ਹਲਕਿਆਂ ਦੇ ਹਰ ਹਲਕੇ ਵਿਚੋਂ ਇਕ ਕਉਂਸਲਰ ਚੁਣਿਆ ਜਾਂਦਾ ਹੈ ਜਿਨ੍ਹਾਂ ਨੂੰ ਵਾਰਡਜ਼ (wards) ਕਹਿੰਦੇ ਹਨ। ਤੁਸੀਂ ਕਿਸ ਵਾਰਡ ਵਿੱਚ ਰਹਿੰਦੇ ਹੋ, ਇਹ ਜਾਨਣ ਲਈ ਦੇਖੋ:

*ਵੈਬਸਾਈਟ: www.edmonton.ca > Ward Map.*

ਐਡਮੰਟਨ ਸ਼ਹਿਰ ਦੇ ਪ੍ਰਬੰਧ (ਸ਼ਹਿਰ ਦੇ ਸਾਰੇ ਕਰਮਚਾਰੀ) ਦੀ ਨਿਗਰਾਨੀ ਲਈ ਇਸ ਸ਼ਹਿਰ ਦੀ ਕਉਂਸਲ ਨੇ ਇਕ ਮੈਨੇਜਰ ਨਿਯੁਕਤ ਕੀਤਾ ਹੈ। ਸ਼ਹਿਰ ਦਾ ਇਹ ਮੈਨੇਜਰ ਇਸ ਗਲ ਦਾ ਧਿਆਨ ਰਖਦਾ ਹੈ ਕਿ ਕੀ ਸ਼ਹਿਰ ਦੇ ਪ੍ਰਬੰਧ ਵਿੱਚ ਨਗਰ ਵਾਸੀਆਂ ਨੂੰ ਸੇਵਾ ਪ੍ਰਦਾਨ ਕਰਦਿਆਂ ਕਉਂਸਲ ਵਲੋਂ ਮਿਲੀਆਂ ਹਦਾਇਤਾਂ ਦਾ ਪਾਲਣ ਹੋ ਰਿਹਾ ਹੈ।

ਆਮ ਤੌਰ ਤੇ ਸ਼ਹਿਰ ਦੀ ਕਉਂਸਲ ਤੇ ਉਸ ਦੀਆਂ ਕਮੇਟੀਆਂ ਮਹੀਨੇ ਵਿੱਚ ਕਈ ਵਾਰ ਮਿਲਦੇ ਹਨ। ਆਮ ਜਨਤਾ ਇਨ੍ਹਾਂ ਮੁਲਾਕਾਤਾਂ ਵਿੱਚ ਸ਼ਾਮਲ ਹੋ ਸਕਦੀ ਹੈ। ਇਨ੍ਹਾਂ ਮੁਲਾਕਾਤਾਂ ਵਿੱਚ ਆਪਣੇ ਵਿਚਾਰ ਪੇਸ਼ ਕਰਨ ਲਈ ਜਨਤਾ ਦੇ ਮੈਂਬਰ ਆਪਣਾ ਨਾਮ ਰਜਿਸਟਰ ਕਰਵਾ ਸਕਦੇ ਹਨ।

*ਵੈਬਸਾਈਟ: www.edmonton.ca > City Government*

## ਬਾਈਲਾਜ਼ (BYLAWS)

ਕੈਨੇਡਾ ਦੀ ਸਰਕਾਰ ਕੈਨੇਡਾ ਦੇ ਸੰਵਿਧਾਨ ਦੇ ਅਧੀਨ ਸਾਰੇ ਦੇਸ਼ ਲਈ ਕਾਨੂੰਨ ਬਣਾਉਂਦੀ ਹੈ। ਪ੍ਰਾਂਤਕ ਅਤੇ ਇਲਾਕਈ ਸਰਕਾਰਾਂ ਆਪਣੇ ਕਾਨੂੰਨ ਆਪ ਬਣਾਉਂਦੀਆਂ ਹਨ ਜੋ ਕੇਵਲ ਉਨ੍ਹਾਂ ਦੇ ਆਪਣੇ ਪ੍ਰਾਂਤ ਜਾਂ ਇਲਾਕੇ ਵਿੱਚ ਹੀ ਲਾਗੂ ਹੁੰਦੇ ਹਨ। ਹਰ ਸ਼ਹਿਰ ਆਪਣੇ ਬਾਈਲਾਜ਼ ਆਪ ਬਣਾਉਂਦਾ ਹੈ ਜੋ ਅਜਿਹੇ ਮਸਲਿਆਂ ਨਾਲ ਸਬੰਧਤ ਹਨ ਜਿਵੇਂ ਬਰਫ਼ ਦੀ ਸਫ਼ਾਈ, ਗੰਦੇ ਵਿਹੜੇ, ਪਾਰਕਿੰਗ, ਜਾਨਵਰਾਂ ਤੇ ਕਾਬੂ ਪਾਉਣਾ ਅਤੇ ਲਾਈਸੈਂਸ ਦੇਣਾ। ਜੇ ਤੁਹਾਡੀ ਸ਼ੋਰ-ਸ਼ਰਾਬੇ, ਬਿਨਾਂ ਲੀਸ਼ ਤੋਂ ਫਿਰਦੇ ਜਾਂ ਭੌਂਕਦੇ ਕੁੱਤਿਆਂ, ਜਾਂ ਕਿਸੇ ਵੀ ਬਾਈਲਾਅ ਬਾਰੇ ਕੋਈ ਵੀ ਸ਼ਕਾਇਤ ਹੋਵੇ ਤਾਂ ਤੁਸੀਂ ਸ਼ਹਿਰ ਦੇ ਪ੍ਰਬੰਧਕਾਂ ਨਾਲ ਸੰਪਰਕ ਕਰ ਸਕਦੇ ਹੋ।

ਫ਼ੋਨ: 311

ਈ-ਮੇਲ: 311@edmonton.ca

*ਵੈਬਸਾਈਟ: www.edmonton.ca > Bylaws & Licenses*



## ਸਿਟੀ ਹਾਲ ਵਿੱਚ ਕੀ ਹੁੰਦਾ ਹੈ?

ਸਿਟੀ ਹਾਲ ਵਿੱਚ ਹਮੇਸ਼ਾਂ ਕੁਝ ਨਾ ਕੁਝ ਹੁੰਦਾ ਰਹਿੰਦਾ ਹੈ! ਇਹ ਐਡਮੰਟਨ ਸ਼ਹਿਰ ਦੀ ਅਗਵਾਈ ਕਰਨ ਵਾਲਿਆਂ ਦਾ ਸਥਾਨ ਹੈ। ਇੱਥੇ ਕਉਂਸਲ ਤੇ ਕਮੇਟੀਆਂ ਦੀਆਂ ਮੁਲਾਕਾਤਾਂ ਸਾਰਾ ਸਾਲ ਹੁੰਦੀਆ ਰਹਿੰਦੀਆ ਹਨ ਜਿਨ੍ਹਾਂ ਵਿੱਚ ਆਮ ਜਨਤਾ ਸ਼ਾਮਲ ਹੋ ਸਕਦੀ ਹੈ। ਸਿਟੀ ਹਾਲ ਤੇ ਚਰਚਿਲ ਸਕੁਏਰ ਵਿੱਚ ਐਡਮੰਟਨ ਵਾਸੀ ਕਈ ਪ੍ਰਕਾਰ ਦੇ ਸਮਾਗਮਾਂ, ਉਤਸਵਾਂ ਤੇ ਸਰਗਰਮੀਆਂ ਦਾ ਆਨੰਦ ਮਾਣ ਸਕਦੇ ਹਨ।

*ਵੈਬਸਾਈਟ: www.edmonton.ca > Attractions & Events > City Hall*

ਜੇ ਤੁਸੀਂ ਸਿਟੀ ਹਾਲ ਅਤੇ ਸ਼ਹਿਰ ਦੀ ਸਰਕਾਰ ਬਾਰੇ ਵਧੇਰੇ ਜਾਣਕਾਰੀ ਚਾਹੁੰਦੇ ਹੋ ਤਾਂ ਤੁਸੀਂ ਗਾਈਡ ਨਾਲ ਮੁਫ਼ਤ ਟੂਰ ਲਈ ਆਪਣਾ ਨਾਮ ਰਜਿਸਟਰ ਕਰਵਾ ਸਕਦੇ ਹੋ ਜਾਂ ਸਿਟੀ ਹਾਲ ਸਕੂਲ ਲਈ ਅਰਜ਼ੀ ਦੇ ਸਕਦੇ ਹੋ।

*ਵੈਬਸਾਈਟ::www.edmonton.ca > Attractions & Events > City Hall > Tours*

## ਸ਼ਹਿਰ ਦੀਆਂ ਚੋਣਾਂ ਅਤੇ ਵੋਟ ਪਾਉਣਾ

ਨਗਰਪਾਲਕਾ ਦੀ ਚੋਣ ਲਈ ਵੋਟ ਪਾਉਣ ਵਾਸਤੇ ਇਹ ਜ਼ਰੂਰੀ ਹੈ ਕਿ ਤੁਸੀਂ ਕੈਨੇਡਾ ਦੇ ਸ਼ਹਿਰੀ (ਕਨੇਡੀਅਨ ਸਿਟੀਜ਼ਨਸ਼ਿਪ ਕਾਰਡ) ਹੋਵੋ , ਉਮਰ ਘੱਟ ਤੋਂ ਘੱਟ 18 ਸਾਲ ਹੋਵੇ, ਚੋਣ ਤੋਂ ਬਿਲਕੁਲ ਪਹਿਲਾਂ ਅਤੇ ਚੋਣ ਵਾਲੇ ਦਿਨ ਅਲਬਰਟਾ ਵਿੱਚ ਛੇ ਮਹੀਨੇ ਤੋਂ ਰਹਿ ਰਹੇ ਹੋਵੋ, ਅਤੇ ਚੋਣ ਵਾਲੇ ਦਿਨ ਤੁਹਾਡੀ ਰਿਹਾਇਸ਼ ਐਡਮੰਟਨ ਵਿੱਚ ਹੋਵੇ।

ਵੋਟ ਪਾਉਣਾ ਅਤੇ ਆਪਣੇ ਆਗੂ ਚੁਨਣ ਦਾ ਹੱਕ ਕਿਸੇ ਵੀ ਪਰਜਾ-ਤੰਤਰ ਸਮਾਜ ਦੀ ਬੁਨਿਆਦ ਹੈ। ਆਪਣੇ ਚੁਣੇ ਹੋਏ ਆਗੂਆਂ ਨੂੰ ਇਹ ਦੱਸਣ ਦਾ ਇਕ ਢੰਗ ਹੈ ਕਿ ਤੁਹਾਡੇ ਤੇ ਤੁਹਾਡੇ ਪਰਵਾਰ ਲਈ ਕਿਹੜੇ ਮਸਲੇ ਮਹੱਤਵ ਪੂਰਨ ਹਨ। ਨਗਰ, ਪ੍ਰਾਂਤ ਅਤੇ ਕੇਂਦਰੀ ਚੋਣਾਂ ਵਿੱਚ ਵੋਟ ਪਾ ਕੇ ਆਪਣੀ ਆਵਾਜ਼ ਆਗੂਆਂ ਤਕ ਪਹੁੰਚਾਓ। ਸ਼ਹਿਰ ਦੇ ਕਿਸ ਹਿੱਸੇ ਵਿੱਚ ਤੁਸੀਂ ਹੋ ਅਤੇ ਤੁਸੀਂ ਵੋਟ ਕਿੱਥੇ ਪਾਉਣੀ ਹੈ, ਇਸ ਲਈ ਵਾਰਡ ਦਾ ਨਕਸ਼ਾ ਦੇਖੋ।

*ਵੈਬਸਾਈਟ: www.edmonton.ca > City Government > Ward System*

## ਚੋਣ ਅਤੇ ਮਰਦਮ ਸ਼ੁਮਾਰੀ ਦੀਆਂ ਸੇਵਾਵਾਂ

ਫ਼ੋਨ: 780-496-8008

*ਵੈਬਸਾਈਟ: www.edmonton.ca > City Government > Elections*

## ਜਨਤਕ ਪੂਰਵ-ਨਿਯੁਕਤੀ (PUBLIC ENGAGEMENT)

ਦੀ ਪਬਲਿਕ ਇਨਗੇਜਮੈਂਟ ਕੈਲੰਡਰ (The Public Engagement Calendar) ਵਿੱਚ ਐਡਮੰਟਨ ਸ਼ਹਿਰ ਦੀਆਂ ਹੋਣ ਵਾਲੀਆਂ ਮੁਲਾਕਾਤਾਂ ਦੀ ਉਹ ਸੂਚੀ ਹੈ ਜਿਸ ਵਿੱਚ ਆਮ ਜਨਤਾ ਸ਼ਾਮਲ ਹੋ ਸਕਦੀ ਹੈ। ਇਨ੍ਹਾਂ ਪਬਲਿਕ ਇਨਗੇਜਮੈਂਟ ਮੁਲਾਕਾਤਾਂ ਵਿੱਚ ਤੁਸੀਂ ਆਪਣੇ ਗੁਆਂਢ ਵਿੱਚ ਹੋ ਰਹੀਆਂ ਤਬਦੀਲੀਆਂ ਸਬੰਧੀ ਆਪਣੇ ਵਿਚਾਰ ਰੱਖ ਸਕਦੇ ਹੋ। ਅਜਿਹਾ ਕਰਦਿਆਂ ਤੁਸੀਂ ਆਪਣੇ ਭਾਈਚਾਰੇ ਦੀਆਂ ਸਰਗਰਮੀਆਂ ਵਿੱਚ ਭਾਗ ਲੈਂਦੇ ਹੋ।

*ਵੈਬਸਾਈਟ: www.edmonton.ca > Programs & Services > Public Engagement*

## ਸਿਵਿਕ ਬੋਰਡਜ਼ ਐਂਡ ਏਜੰਸੀਜ਼ (CIVIC BOARDS AND AGENCIES)

ਐਡਮੰਟਨ ਸ਼ਹਿਰ ਦੇ ਪ੍ਰਬੰਧਕ ਨਗਰ ਵਾਸੀਆਂ ਦੇ ਵਿਸ਼ੇਸ਼ ਮਾਮਲਿਆਂ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਕਈ ਬੋਰਡ ਅਤੇ ਸੰਸਥਾਵਾਂ ਦਾ ਸੰਚਾਲਨ ਕਰਦੇ ਹਨ। ਇਹ ਨਾਗਰਿਕ ਬੋਰਡ ਜਾਨਵਰਾਂ ਜਾਂ ਪਾਲਤੂ ਜਾਨਵਰਾਂ ਦੇ ਕੰਟਰੋਲ ਅਤੇ ਵਿਕਾਸ (ਗੁਆਂਢ ਦੀ ਖਾਲੀ ਜ਼ਮੀਨ ਨੂੰ ਆਬਾਦ ਕਰਨ ਸਬੰਧੀ) ਦੀਆਂ ਅਪੀਲਾਂ ਵਰਗੇ ਵਿਸ਼ਿਆਂ ਤੇ ਵਿਚਾਰ ਕਰਦੇ ਹਨ। ਨਗਰਵਾਸੀ ਬੋਰਡ ਦੇ ਮੈਂਬਰ ਬਨਣ ਲਈ ਅਰਜ਼ੀ ਦੇ ਸਕਦੇ ਹਨ। ਸ਼ਹਿਰ ਦੀ ਕਉਂਸਲ ਫ਼ਿਰ ਉਹ ਬੋਰਡ ਮੈਂਬਰ ਚੁਣਦੀ ਹੈ ਜੋ ਉਸ ਵਿਸ਼ੇਸ਼ ਕੰਮ ਲਈ ਯੋਗ ਹਨ।

*ਵੈਬਸਾਈਟ: www.edmonton.ca > City Government > City Organizations > Agencies, Boards, Committees and Commissions*

The information in this guide is current as of December 2016.
ਇਸ ਗਾਈਡ ਵਿੱਚ ਪੇਸ਼ ਕੀਤੀ ਗਈ ਜਾਣਕਾਰੀ ਦਸੰਬਰ, 2016 ਵਿੱਚ ਮਿਲਦੀ ਮੌਜੂਦਾ ਸੂਚਨਾ ਅਨੁਸਾਰ ਹੈ।

**Language: Punjabi / ਪੰਜਾਬੀ**

Edmonton


ਇਹ ਅਨੁਵਾਦ ਫ਼ੈਮਲੀ ਸੈਂਟਰ, ਸੈਂਟਰਲਾਈਜ਼ਡ ਇਨਟਰਪਟਰ ਸਰਵਿਸ
(THE FAMILY CENTRE, CENTRALIZED INTERPRETER SERVICES)

ਵਲੋਂ ਕੀਤਾ ਗਿਆ - ਅਨੁਵਾਦਕ ਟੀਮ, ਲਿਵਲੀਨ ਸਿੰਘ (Livleen K Singh) ਅਤੇ ਨਵਦੀਪ ਸ਼ੇਰਗਿਲ (Navdeep Shergill). ਮਲਟੀਕਲਚਰਲ ਹੈਲਥ ਬਰੋਕਰਜ਼ ਕੋਓਪਰੇਟਿਵ (Multicultural Health Brokers Co-operative) ਦੇ ਸਹਿਯੋਗ ਨਾਲ ਰਾਨੀ ਮਾਂਗਟ (Rani Mangat) ਵਲੋਂ ਨਿਰੀਖਣ ਕੀਤਾ ਗਿਆ।

Funded by: Financé par :

EDMONTON LOCAL IMMIGRATION PARTNERSHIP

Immigration, Refugees and Citizenship Canada
Immigration, Réfugiés et Citoyenneté Canada